# ਕੈਨੇਡਾ ਦਰਪਣ

ਅਪ੍ਰੈਲ 6, 1984

**April 6, 1984**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਦੀ ਨਿੱਜੀ ਲਾਇਬ੍ਰੇਰੀ।

East Indian Community Newspaper

Second Class Mail - Reg. No. 5991

ਹਫ਼ਤੇਵਾਰ ਕੀਮਤ 30¢

Out of Greater Vancouver Price 40¢

# ਕੈਨੇਡਾ ਦਰਪਣ

P.O. BOX 67344 STN. 'O' VANCOUVER, B.C. V5W 3T1

VOL. 3. No. 12 Weekending April 6, 1984

Editor's Res. PHONE. (604)321-6360

The Canada Darpan Punjabi Weekly Newspaper


## 'ਬੱਬਰ ਖਾਲਸਾ' ਵਲੋਂ ਵੈਨਕੂਵਰ ਵਿਚ

# ਭਾਰਤੀ ਵਿਧਾਨ ਸਾੜਿਆ ਗਿਆ




ਵੈਨਕੂਵਰ — 25 ਮਾਰਚ, 1984 ਐਤਵਾਰ ਨੂੰ 'ਬੱਬਰ ਖਾਲਸਾ' ਵਲੋਂ ਇਕ ਮੁਜ਼ਾਹਰਾ ਜਥੇਬੰਦ ਕੀਤਾ ਗਿਆ ਜਿਸ ਵਿਚ ਸਹਿਯੋਗ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੇ ਕੁਝ ਲੀਡਰਾਂ ਅਤੇ 'ਬੱਬਰ ਖਾਲਸਾ' ਦੇ ਸੱਦੇ ਤੇ ਮੁੱਖ ਤੌਰ ਤੇ ਵੈਨਕੂਵਰ ਤੋਂ ਬਾਹਰੋਂ ਆਈਆਂ ਸਿੱਖ ਸੰਗਤਾਂ ਨੇ ਦਿਤਾ ਮੌਸਮ ਦੀ ਖਰਾਬੀ ਅਤੇ ਵੈਨਕੂਵਰ ਦੇ ਆਲੇ ਦੁਆਲੇ ਲਗਾਤਾਰ ਮੀਂਹ ਦੀ ਝੜੀ ਕਾਰਨ ਮੁਜ਼ਾਹਰੇ ਵਿਚ ਸ਼ਾਮਲ ਗਿਣਤੀ ਕੁਝ ਘੱਟ ਸੀ ਪਰ ਫਿਰ ਵੀ ਗੁੱਸੇ ਵਿਚ ਆਏ ਲੋਕਾਂ ਨੇ ਭਾਰਤ ਦਾ ਸੰਵਿਧਾਨ, ਇੰਦਰਾ ਗਾਂਧੀ ਦਾ ਪੁਤਲਾ ਤੇ ਤਿਰੰਗਾ ਝੰਡਾ ਸਾੜ ਕੇ ਸੁਆਹ ਕੀਤਾ।

ਮੁਜ਼ਾਹਰੇ ਵਿਚ ਸ਼ਾਮਲ ਲੋਕਾਂ ਦੀ ਗਿਣਤੀ ਵੱਖ ਵੱਖ ਅਖ਼ਬਾਰਾਂ ਨੇ ਵੱਖ ਵੱਖ ਦਿਤੀ ਹੈ। ਇਕ ਅਖ਼ਬਾਰ ਨੇ 1000 ਦੀ ਗਿਣਤੀ ਦੱਸੀ ਹੈ ਤੇ ਦੂਜੇ ਨੇ 2000 ਪਰ ਦਰਸ਼ਕਾਂ ਅਨੁਸਾਰ ਗਿਣਤੀ 600 ਦੇ ਲਗਪਗ ਸੀ।

ਇਸ ਮੁਜ਼ਾਹਰੇ ਦੀ ਇਜ਼ਾਜ਼ਤ ਸਿਟੀ ਤੋਂ ਜਥੇਦਾਰ ਤਲਵਿੰਦਰ ਸਿੰਘ ਪਰਮਾਰ ਦੀ ਪਤਨੀ, ਬੀਬੀ ਸੁਰਿੰਦਰ ਕੌਰ ਨੇ ਲਈ ਦੱਸੀ ਜਾਂਦੀ ਹੈ। ਇਕ ਪ੍ਰੈਸ ਰੀਲੀਜ਼ ਅਨੁਸਾਰ 'ਬ੍ਰਿਟਿਸ਼ ਕੋਲੰਬੀਆ ਦੇ ਸਿੱਖਾਂ ਦੇ ਤਪਦੇ ਹਿਰਦਿਆਂ ਦੀਆਂ ਲਾਟਾਂ ਵਿਚ ਭਾਰਤ ਦਾ ਸੰਵਿਧਾਨ ਸੜ ਕੇ ਸੁਆਹ ਹੋ ਗਿਆ। ਪਿਛਲੇ ਢਾਈ ਸਾਲਾਂ ਤੋਂ ਹਿੰਦ ਸਰਕਾਰ ਦੁਆਰਾ ਸਿੱਖ ਕੌਮ ਤੇ ਨਿਰੰਤਰ ਢਾਹੇ ਜਾ ਰਹੇ ਜ਼ੁਲਮਾਂ ਦੇ ਖਿਲਾਫ ਬ੍ਰਿਟਿਸ਼ ਕੋਲੰਬੀਆ ਕੈਨੇਡਾ ਦੇ ਵਸਨੀਕ ਸਿੱਖਾਂ ਨੇ ਇੰਡੀਅਨ ਕੌਂਸਲੇਟ ਦੇ ਦਫਤਰ ਸਾਹਮਣੇ ਭਰਵੇਂ ਰੋਹ ਦਾ ਮੁਜ਼ਾਹਰਾ ਕੀਤਾ। ਲਗਪਗ ਇਕ ਹਜ਼ਾਰ ਜੋਸ਼ ਵਿਚ ਆਏ ਸਿੱਖਾਂ ਨੇ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਪੁਤਲਾ ਸਾੜਿਆ। ਸ. ਸੁਰਜਨ ਸਿੰਘ ਗਿੱਲ ਪ੍ਰਧਾਨ ਸ੍ਰੀ ਗੁਰੂ ਸਿੰਘ ਸਭਾ ਵੈਨਕੂਵਰ ਨੇ ਭਾਰਤੀ ਵਿਧਾਨ ਦੀਆਂ ਕਾਪੀਆਂ ਨੂੰ ਅੱਗ ਲਾਈ। ਬਲਦੀਆਂ ਲਾਟਾਂ ਕਹਿ ਰਹੀਆਂ ਸਨ ਕਿ ਬਹਾਦਰ ਸਿੱਖ ਪੰਜਾਬ ਅਤੇ ਸਿੱਖ ਕੌਮ ਉਤੇ ਭਾਰਤ ਦੇ ਤਸ਼ਲੱਤ ਨੂੰ ਨਹੀਂ ਮੰਨਦੇ। (ਬਾਕੀ ਪੰਨਾ 2 ਤੇ)

## ਪਾਵਨ ਸ਼ਸਤਰ ਵੈਨਕੂਵਰ ਪਹੁੰਚ ਰਹੇ ਹਨ ?

ਅੰਮ੍ਰਿਤਸਰ —(ਫੋਨ ਰਾਹੀਂ), ਸਾਡੇ ਪੱਤਰ ਪਰੇਰਕ ਦੀ ਸੂਚਨਾ ਅਨੁਸਾਰ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਵਲੋਂ ਤਿੰਨ ਪਾਵਨ ਸ਼ਸਤਰ ਅੰਮ੍ਰਿਤਸਰ ਸਾਹਿਬ ਤੋਂ ਮੰਗਾਏ ਗਏ ਹਨ। ਇਨ੍ਹਾਂ ਸ਼ਸਤਰਾਂ ਵਿਚ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੀ ਕਟਾਰ, ਗੁਰੂ ਗੋਬਿੰਦ ਸਿੰਘ ਜੀ ਦੀ ਕਟਾਰ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਜੀ ਦਾ ਖੰਡਾ ਸ਼ਾਮਲ ਹੈ।

ਸੂਚਨਾ ਅਨੁਸਾਰ ਭਾਈ ਗੁਰਮੇਲ ਸਿੰਘ ਦਾ ਜਥਾ ਇਹ ਸ਼ਸਤਰ ਲੈ ਕੇ 29 ਮਾਰਚ ਨੂੰ ਅੰਮ੍ਰਿਤਸਰ ਸ਼ਾਹਿਬ ਤੋਂ ਰਵਾਨਾ ਹੋ ਰਿਹਾ ਹੈ।

ਜਦਕਿ ਇਹ ਪਵਿੱਤਰ ਸ਼ਸਤਰ ਅਗਲੇ ਕੁਝ ਦਿਨਾਂ ਤੱਕ ਵੈਨਕੂਵਰ ਪੁਜ ਰਹੇ ਹਨ ਵੈਨਕੂਵਰ ਦੀਆਂ ਸਿਖ ਸੰਗਤਾਂ ਨੂੰ ਅਜੇ ਤੱਕ ਇਨ੍ਹਾਂ ਪ੍ਰਤੀ ਸੂਚਨਾ ਵੀ ਨਾ ਮਿਲਣੀ ਹੈਰਾਨੀ ਵਾਲੀ ਗੱਲ ਹੀ ਕਹੀ ਜਾ ਸਕਦੀ ਹੈ!

## ਮੋਗੇ ਵਿਚ ਭਾਰੀ ਮੁਜ਼ਾਹਰਾ

ਚੰਡੀਗੜ੍ਹ — ਅੰਮ੍ਰਿਤਸਰ ਵਿਚ ਸੋਮਵਾਰ ਨੂੰ ਇਕ ਬੈਂਕ ਦਾ ਪਹਿਰਾ ਦੇ ਰਿਹਾ ਵਿਅਕਤੀ ਗੋਲੀ ਨਾਲ ਮਾਰ ਦਿਤਾ ਗਿਆ। ਦੋ ਬੱਸਾਂ ਨੂੰ ਅੱਗ ਲਗਾਈ ਗਈ ਅਤੇ ਦੋ ਹਿੰਦੂ ਫਿਰਕੇ ਦੇ ਵਿਅਕਤੀ ਜ਼ਖਮੀ ਹੋਏ।

ਸਰਕਾਰ ਵਿਰੋਧੀ ਮੁਜ਼ਾਹਰੇ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਵਿਚ ਜਾਰੀ ਹਨ। ਇਕ ਖ਼ਬਰ ਅਨੁਸਾਰ ਮੋਗੇ ਵਿਚ 5000 ਹਥਿਆਰਬੰਦ ਸਿੱਖਾਂ ਨੇ ਭਾਰੀ ਮੁਜ਼ਾਹਰਾ ਕੀਤਾ।

ਅੰਮ੍ਰਿਤਸਰ ਲਾਗੇ ਇਕ ਬੈਂਕ ਦੇ ਗਾਰਡ ਨੂੰ ਗੋਲੀ ਮਾਰ ਦਿਤੀ ਗਈ ਅੰਮ੍ਰਿਤਸਰ ਵਿਚ ਹੀ ਇਕ ਹਿੰਦੂ ਕੱਪੜੇ ਦੇ ਵਪਾਰੀ ਨੂੰ ਛੁਰਾ ਮਾਰਿਆ ਗਿਆ। ਇਕ ਹਿੰਦੂ ਡਾਕਟਰ ਨੂੰ ਗੋਲੀ ਮਾਰ ਕੇ ਜ਼ਖਮੀ ਕੀਤਾ ਗਿਆ। ਦੋ ਬੱਸਾਂ ਨੂੰ ਅੱਗ ਲਗਾਈ ਗਈ।

ਸੰਤ ਲੌਂਗੋਵਾਲ ਵਿਰੁੱਧ ਲਾਏ ਗਏ 'ਬਗਾਵਤ' ਦੇ ਦੋਸ਼ ਵਿਰੁੱਧ ਮੋਗੇ ਵਿਚ ਭਾਰੀ ਮੁਜ਼ਾਹਰਾ ਕੀਤਾ ਗਿਆ। ਮੁਜ਼ਾਹਰੀਨ ਤਲਵਾਰਾਂ, ਨੇਜ਼ਿਆਂ ਨਾਲ ਲੈਸ ਸਨ। ਸਿੱਖ ਸਟੂਡੈਂਟ ਫੈਡਰੇਸ਼ਨ ਵਿਰੁੱਧ ਲਾਈ ਗਈ ਪਾਬੰਦੀ ਬਾਰੇ ਵੀ ਮੁਜ਼ਾਹਰੀਨ ਨਾਅਰੇ ਲਾ ਰਹੇ ਸਨ।

ਪੁਲਸ ਨੇ ਸਿਖ ਸਟੂਡੈਂਟ ਫੈਡਰੇਸ਼ਨ ਦੇ ਹੋਰ ਕਾਰਕੁਨਾਂ ਦੀ ਗ੍ਰਿਫਤਾਰੀਆਂ ਵੀ ਕੀਤੀਆਂ।

## ਪੰਜਾਬ ਤੇ ਪੱਛਮੀ ਬੰਗਾਲ ਵਿਚ ਰਾਜ ਸਭਾ ਚੋਣਾਂ ਬਿਨਾਂ ਮੁਕਾਬਲਾ

## ਦਰਬਾਰਾ ਸਿੰਘ ਰਾਜ ਸਭਾ ਦੇ ਮੈਂਬਰ ਬਣੇ

ਨਵੀਂ ਦਿੱਲੀ — ਪੰਜਾਬ ਵਿਚੋਂ ਸਾਬਕਾ ਮੁਖ ਮੰਤਰੀ ਸ. ਦਰਬਾਰਾ ਸਿੰਘ ਤੇ ਯੂਥ ਕਾਂਗਰਸ ਦੇ ਨੇਤਾ ਸ੍ਰੀ ਪਵਨ ਕੁਮਾਰ ਬਿਨਾਂ ਮੁਕਾਬਲਾ ਰਾਜ ਸਭਾ ਦੇ ਮੈਂਬਰ ਚੁਣੇ ਜਾਣ ਦੀ ਖ਼ਬਰ ਹੈ। ਪੱਛਮੀ ਬੰਗਾਲ ਵਿਚੋਂ 4 ਮੈਂਬਰ ਸਾਂਝੇ ਫਰੰਟ ਦੇ ਅਤੇ ਇਕ ਇੰਦਰਾ ਕਾਂਗਰਸ ਦਾ ਬਿਨਾਂ ਮੁਕਾਬਲਾ ਚੁਣੇ ਗਏ ਹਨ।

ਪੰਜਾਬ ਵਿਚ ਅਕਾਲੀਆਂ ਦੇ ਚੋਣਾਂ ਵਿਚ ਹਿਸਾ ਨਾ ਲੈਣ ਕਾਰਨ ਸਾਬਕਾ ਮੁੱਖ ਮੰਤਰੀ ਦਰਬਾਰਾ ਸਿੰਘ ਦੀ ਜਿੱਤ ਯਕੀਨੀ ਬਣ ਗਈ ਸੀ।

## ਮਾਨਸਾ ਦੇ ਨੇੜੇ ਰੇਲ ਪਟੜੀ ਉਡਾ ਦਿਤੀ

ਅਤਿਵਾਦੀਆਂ ਨੇ ਮਾਨਸਾ ਦੇ ਨੇੜੇ 32 ਫੁੱਟ ਰੇਲ ਪਟੜੀ ਨੂੰ ਬਿਲਕੁਲ ਹੀ ਉਡਾ ਦਿਤਾ ਜਿਥੋਂ ਦੀ ਦੋ ਰੇਲ ਗੱਡੀਆਂ ਲੰਘਣੀਆਂ ਸਨ। ਮਾਨਸਾ ਤੋਂ ਚਲਣ ਵਾਲੀ ਗੱਡੀ ਦੇ ਡਰਾਈਵਰ ਨੂੰ ਸੂਚਨਾ ਮਿਲਣ ਤੇ ਗੱਡੀ ਰੋਕ ਲਈ। ਮਾਨਸਾ ਤੋਂ ਗੱਡੀ ਦੇ ਚੱਲਣ ਵਿਚ ਸਿਰਫ ਦੋ ਮਿੰਟ ਹੀ ਬਾਕੀ ਸਨ ਜਦ ਕਿ ਰੇਲ ਪਟੜੀ ਦੇ ਉਡਾਣ ਦੀ ਸੂਚਨਾ ਪਹੁੰਚ ਗਈ। ਗੱਡੀ ਰੋਕ ਲੈਣ ਕਾਰਨ 1000 ਵਿਅਕਤੀ ਦੀਆਂ ਜਾਨਾਂ ਬਚਾਈਆਂ ਗਈਆਂ। ਗੈਂਗਮੈਨ ਗੁਰਦਿਆਲ ਸਿੰਘ ਨੇ ਰੇਲ ਦੀ ਪਟੜੀ ਉਡਾਈ ਦੇਖ ਲਈ ਸੀ। ਇਸ ਨੇ ਪੁਲਸ ਨੂੰ ਸੂਚਨਾ ਦਿਤੀ। ਗੁਰਦਿਆਲ ਸਿੰਘ ਨੂੰ ਸਰਕਾਰ ਇਨਾਮ ਦੇ ਰਹੀ ਹੈ।

## ਛਪਦੇ ਛਪਦੇ ਛਪਦੇ ਛਪਦੇ ..................

ਦਿੱਲੀ ਦੇ ਉਘੇ ਅਕਾਲੀ ਲੀਡਰ ਹਰਬੰਸ ਸਿੰਘ ਮਨਚੰਦਾ ਨੂੰ ਅਤਿਵਾਦੀਆਂ ਨੇ ਗੋਲੀ ਮਾਰ ਕੇ ਮਾਰ ਦਿੱਤਾ।

## ਸੰਤ ਲੌਂਗੋਵਾਲ ਅਤਿਵਾਦੀਆਂ ਤੋਂ ਪਰੇਸ਼ਾਨ

ਅੰਮ੍ਰਿਤਸਰ — ਭਰੋਸੇਯੋਗ ਸੂਤਰਾਂ ਦਾ ਕਹਿਣਾ ਹੈ ਕਿ ਅਕਾਲੀ ਹਲਕਿਆਂ ਵਿਚ ਆਮ ਚਰਚਾ ਹੈ ਕਿ ਸੰਤ ਲੌਂਗੋਵਾਲ ਤੇ ਭਿੰਡਰਾਂਵਾਲਾ ਦੋਵੇਂ ਆਪਣੇ ਆਪ ਨੂੰ ਪੁਲਸ ਹਵਾਲੇ ਕਰ ਦੇਣ ਬਾਰੇ ਸੋਚ ਰਹੇ ਹਨ। ਸੰਤ ਲੌਂਗੋਵਾਲ ਦਰਬਾਰ ਸਾਹਿਬ ਦੇ ਅਹਾਤੇ ਅੰਦਰ ਅਤਿਵਾਦੀਆਂ ਦੀਆਂ ਕਾਰਵਾਈਆਂ ਤੋਂ ਪ੍ਰੇਸ਼ਾਨ ਹਨ। ਦੂਜੇ ਇਹ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਸੰਤ ਲੌਂਗੋਵਾਲ, ਗੁਰਚਰਨ ਸਿੰਘ ਟੌਹੜਾ, ਪ੍ਰਕਾਸ਼ ਸਿੰਘ ਬਾਦਲ ਤੇ ਸੁਰਜੀਤ ਸਿੰਘ ਬਰਨਾਲਾ ਦੀ ਗ੍ਰਿਫਤਾਰੀ ਤੋਂ ਪਿਛੋਂ, ਦਰਬਾਰ ਸਾਹਿਬ ਅੰਦਰ ਅਸੁਰਖਿਅਤ ਮਹਿਸੂਸ ਕਰਦੇ ਹਨ। ਅਕਾਲੀ ਹਲਕਿਆਂ ਦਾ ਕਹਿਣਾ ਹੈ ਕਿ ਸੰਤ ਲੌਂਗੋਵਾਲ ਮਹਿਸੂਸ ਕਰਦੇ ਹਨ ਕਿ ਜੇ ਭਿੰਡਰਾਂਵਾਲਾ ਆਪਣੇ ਆਪ ਨੂੰ ਪੁਲਸ ਦੇ ਹਵਾਲੇ ਕਰ ਦੇਵੇ ਤਾਂ ਉਹ ਵੀ ਦਰਬਾਰ ਸਾਹਿਬ ਤੋਂ ਬਾਹਰ ਆ ਕੇ ਗ੍ਰਿਫਤਾਰੀ ਦੇ ਦੇਣਗੇ।

---

ਦਰਬਾਰਾ ਸਿੰਘ ਦੇ ਰਾਜ ਸਭਾ ਵਿਚ ਚਲੇ ਜਾਣ ਨਾਲ ਪੰਜਾਬ ਵਿਚ ਨਵੇਂ ਮੁਖ ਮੰਤਰੀ ਦੀ ਭਾਲ ਦਾ ਦੌਰ ਸ਼ੁਰੂ ਹੋ ਗਿਆ ਹੈ। ਗੁਰਚਰਨ ਸਿੰਘ ਨਿਹਾਲੇਵਾਲਾ ਦਾ ਪਾਰਲੀਮੈਂਟ ਮੈਂਬਰੀ ਛੱਡ ਕੇ ਪੰਜਾਬ ਕਾਂਗਰਸ ਦਾ ਲੀਡਰ ਬਣਾਏ ਜਾਣ ਦੀ ਚਰਚਾ ਮੁੜ ਸ਼ੁਰੂ ਹੋ ਗਈ ਹੈ। ਯਾਦ ਰਹੇ ਕਿ ਗੁਰਚਰਨ ਸਿੰਘ ਨਿਹਾਲੇਵਾਲਾ ਅਕਾਲੀਆਂ ਦੇ ਨੇੜੇ ਵੀ ਗਿਣੇ ਜਾਂਦੇ ਹਨ


ASIA BOOK COMPANY Ltd.

#201-2001 E. 36th Ave.(Victoria Dr.) Vancouver

Ph. 321-6360

ਡਿਕਸ਼ਨਰੀਆਂ ਦੀ ਸ਼ਿਪਮਿੰਟ ਪਹੁੰਚ ਗਈ

ਧਾਰਮਿਕ ਕਿਤਾਬਾਂ ਦੀ ਨਵੀਂ ਸ਼ਿਪਮਿੰਟ - ਸਟੀਕਾਂ

# ਕੈਨੇਡਾ ਦਰਪਣ

## ਕੈਨੇਡਾ ਦੇ ਚੀਫ ਜਸਟਿਸ ਪ੍ਰਲੋਕ ਸਿਧਾਰ ਗਏ

ਅਟਵਾ — ਕੈਨੇਡਾ ਦੀ ਸੁਪਰੀਮ ਕੋਰਟ ਦੇ ਚੀਫ ਜਸਟਿਸ ਮਿ: ਬੋਰਾ ਲੈਸਕਿਨ 25 ਮਾਰਚ, 1984 ਨੂੰ ਨਮੂਨੀਏ ਕਾਰਨ ਪ੍ਰਲੋਕ ਸਿਧਾਰ ਗਏ ਹਨ ਉਨ੍ਹਾਂ ਦੀ ਉਮਰ 71 ਸਾਲ ਸੀ।

ਮਿ: ਲੈਸਕਿਨ ਕਨੇਡਾ ਦੀ ਸੁਪਰੀਮ ਕੋਰਟ ਦੇ ਦਸ ਸਾਲ ਚੀਫ ਜਸਟਿਸ ਰਹੇ। ਨਮੂਨੀਏ ਕਾਰਨ ਉਹ 7 ਫਰਵਰੀ ਤੋਂ ਹਸਪਤਾਲ ਵਿਚ ਸਨ ਅਜੇ ਉਨ੍ਹਾਂ ਦੇ ਰੀਟਾਇਰ ਹੋਣ ਵਿਚ 4 ਸਾਲ ਬਾਕੀ ਰਹਿੰਦੇ ਸਨ। ਕੈਨੇਡਾ ਦੇ ਪ੍ਰਧਾਨ ਮੰਤਰੀ ਸ੍ਰੀ ਟਰੂਡੋ ਨੇ ਉਨ੍ਹਾਂ ਦੀ ਮੌਤ ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ 'ਉਹ ਮਹਾਨ ਕੈਨੇਡੀਅਨ ਸਨ, ਕਾਨੂੰਨ ਦੀ ਸਮਝ ਉਨ੍ਹਾਂ ਦੀ ਰਗ ਰਗ ਵਿਚ ਸਮਾਈ ਹੋਈ ਸੀ।

ਨਵੇਂ ਚੀਫ ਜਸਟਿਸ ਦੀ ਨਿਯੁਕਤੀ ਕੁਝ ਦਿਨਾਂ ਵਿਚ ਹੀ ਪ੍ਰਧਾਨ ਮੰਤਰੀ ਸ੍ਰੀ ਟਰੂਡੋ ਕਰਨ ਦਾ ਐਲਾਨ ਕਰਨ ਵਾਲੇ ਹਨ। ਆਸ ਕੀਤੀ ਜਾ ਰਹੀ ਹੈ ਕਿ ਨਵਾਂ ਚੀਫ ਜਸਟਿਸ ਫਰਾਂਸੀਸੀ ਮਾਤਭਾਸ਼ਾ ਵਾਲਾ ਹੋਵੇਗਾ।



ਮਿ: ਬੋਰਾ ਲੈਸਕਿਨ

## ਵੈਨਕੂਵਰ ਵਿਚ ਮੁਜ਼ਾਹਰਾ



## ਇਪਾਨਾ ਵਲੋਂ ਸ਼ਹੀਦ ਭਗਤ ਸਿੰਘ ਦਾ 53ਵਾਂ ਸ਼ਹੀਦੀ ਦਿਨ ਮਨਾਇਆ ਗਿਆ

ਨਿਊਵੈਸਟ — ਡਗਲਸ ਕਾਲਜ ਦੇ ਆਡੋਟੋਰੀਅਮ ਵਿਚ ਇਪਾਨਾ ਵਲੋਂ ਸ਼ਹੀਦ ਭਗਤ ਸਿੰਘ ਦਾ 53ਵਾਂ ਸ਼ਹੀਦੀ ਦਿਨ ਐਤਵਾਰ 25 ਮਾਰਚ ਨੂੰ ਮਨਾਇਆ ਗਿਆ। ਇਪਾਨਾ ਦੇ ਪ੍ਰਧਾਨ ਸ੍ਰੀ ਹਰਿੰਦਰ ਮਾਹਲ ਨੇ ਆਪਣੇ ਆਰੰਭਕ ਭਾਸ਼ਨ ਵਿਚ ਪੰਜਾਬ ਦੀ ਅਜੋਕੀ ਸਥਿਤੀ ਦਾ ਵਰਨਣ ਕਰਦਿਆਂ ਕਿਹਾ ਕਿ ਪੰਜਾਬ ਦੀ ਵਿਗੜੀ ਹੋਈ ਹਾਲਾਤ ਲਈ ਮੁੱਖ ਜ਼ਿੰਮੇਵਾਰੀ ਇੰਦਰਾ ਕਾਂਗਰਸ ਦੇ ਸਿਰ ਆਉਂਦੀ ਹੈ ਜਿਸਨੇ ਫਿਰਕੂ ਜਨੂੰਨੀਆਂ ਨੂੰ ਕਤਲੋਗਾਰਤ ਦੀ ਖੁਲ੍ਹੀ ਛੁੱਟੀ ਦੇ ਰੱਖੀ ਹੈ। ਉਨ੍ਹਾਂ ਅਕਾਲੀ ਸਿਆਸਤਦਾਨਾਂ ਨੂੰ ਵੀ ਕੋਸਿਆ ਕਿ ਉਹ ਜਿਥੇ ਸਿੱਖਾਂ ਅੰਦਰ ਅਤਿਵਾਦੀ ਅਨਸਰ ਨੂੰ ਸੰਭਾਲਣ ਵਿਚ ਨਾਕਾਮਯਾਬ ਰਹੇ ਹਨ ਉਥੇ ਹਿੰਦੂ ਫਿਰਕਾਪ੍ਰਸਤੀ ਨੂੰ ਮੁੜ ਸੁਰਜੀਤ ਕਰਨ ਵਿਚ ਵੀ ਉਨ੍ਹਾਂ ਦਾ ਹੀ ਹਿੱਸਾ ਹੈ। ਇਸ ਲਈ ਕਾਂਗਰਸ ਤੇ ਅਕਾਲੀ ਦੋਵੇਂ ਪੰਜਾਬ ਦੀ ਸਥਿਤੀ ਲਈ ਜ਼ਿੰਮੇਵਾਰ ਹਨ।

ਇਪਾਨਾ ਵਲੋਂ ਦੋ ਡਰਾਮੇ ਪੇਸ਼ ਕੀਤੇ ਗਏ। ਪਹਿਲਾ ਡਰਾਮਾ ਸਾਧੂ ਦਾ ਲਿਖਿਆ 'ਜਗੀਰੂ ਲੰਬੜ' ਸੀ ਜਿਸ ਵਿਚ ਜਗੀਰੂ ਰੁਚੀਆਂ ਦਾ ਕੈਨੇਡਾ ਵਿਚ ਰਹਿੰਦਿਆਂ ਵੀ ਜਿਉਂਦੇ ਰਹਿਣਾ ਬਹੁਤੇ ਘਰੇਲੂ ਦੁਖਾਂਤਾਂ ਲਈ ਜ਼ਿੰਮੇਵਾਰ ਦੱਸਿਆ ਗਿਆ ਸੀ। ਸਾਰਾ ਡਰਾਮਾ ਇਕੋ ਪਾਤਰ ਤੇ ਆਧਾਰਤ ਹੋਣ ਕਾਰਨ ਕੁਝ ਦਰਸ਼ਕਾਂ ਨੂੰ ਅਕਾਊ ਵੀ ਲੱਗਿਆ ਪਰ ਏਥੋਂ ਦੀਆਂ ਸਮੱਸਿਆਵਾਂ ਨਾਲ ਦੋ ਚਾਰ ਹੋਣ ਕਾਰਨ ਦਿਲਚਸਪੀ ਦਾ ਕੇਂਦਰ ਵੀ ਬਣਿਆ ਰਿਹਾ।

'ਸ਼ਹੀਦ ਦੀ ਵਾਪਸੀ' ਪ੍ਰਸਿੱਧ ਨਾਟਕਕਾਰ ਸ: ਗੁਰਸ਼ਰਨ ਸਿੰਘ ਦਾ ਡਰਾਮਾ ਬਹੁਤ ਸਫਲ ਰਿਹਾ। ਬਹੁਤੇ ਰੋਲ ਕਰਨ ਵਾਲੇ ਅਜਿਹੇ ਸਨ ਜਿਹੜੇ ਪਹਿਲੀ ਵਾਰ ਸਟੇਜ ਤੇ ਆਏ ਸਨ ਜਿਨ੍ਹਾਂ ਵਿਚ ਰਾਜ ਚੌਹਾਨ, ਚਰਨਪਾਲ ਗਿੱਲ, ਹਰਿੰਦਰ ਮਾਹਲ ਆਦਿ ਸਨ। ਪਰ ਨਵੇਂ ਸਟੇਜ ਤੇ ਆਏ ਵਿਅਕਤੀਆਂ ਨੇ ਰੋਲਾਂ ਨੂੰ ਬਹੁਤ ਸੁਹਿਰਦਤਾ ਨਾਲ ਨਿਭਾਇਆ। ਦਲਜੀਤ ਕਲਿਆਣਪੁਰੀ ਨੇ ਪ੍ਰਭਾਵਸ਼ਾਲੀ ਵਾਰ ਪੇਸ਼ ਕੀਤੀ ਤੇ ਸ੍ਰੀ ਪੰਡਾ ਨੇ ਗੀਤ। ਪਾਲ ਬਿਨਿੰਗ ਦੇ ਨਿਰਦੇਸ਼ਨ ਹੇਠ ਬੱਚਿਆਂ ਦਾ ਭੰਗੜਾ ਇਕ ਹੋਰ ਦਿਲਚਸਪ ਪਹਿਲੂ ਸੀ।

ਤਿੰਨ ਸੌ ਦੇ ਲਗਪਗ ਸਰੋਤਿਆਂ ਨੇ ਵਾਰ ਵਾਰ ਤਾੜੀਆਂ ਮਾਰ ਕੇ ਹੌਂਸਲਾ ਅਫਜ਼ਾਈ ਕੀਤੀ। ਸਟੇਜ ਸਕੱਤਰ ਦਾ ਕੰਮ ਇੰਦੂ ਚੌਹਾਨ ਨੇ ਨਿਭਾਇਆ। ਡਰਾਮਿਆਂ ਵਿਚ ਰੋਲ ਕਰਨ ਵਾਲਿਆਂ ਦੀ ਜਾਣ ਪਛਾਣ ਡਾ: ਹਰੀ ਸ਼ਰਮਾ ਨੇ ਸਮਾਗਮ ਦੇ ਅੰਤ ਤੇ ਕਰਵਾਈ।

---

ਧੁੱਪ, ਤਨਹਾਈ, ਉਦਾਸੀ ਸ਼ਾਮ ਹੈ।
ਦਿਲ ਜਿਵੇਂ ਸਦੀਆਂ ਤੋਂ ਖਾਲੀ ਜਾਮ ਹੈ।

'ਸ਼ਹੀਦ ਦੀ ਵਾਪਸੀ' ਡਰਾਮੇ ਦਾ ਇਕ ਦ੍ਰਿਸ਼




(ਪੰਨਾ 1 ਦੀ ਬਾਕੀ)

ਸ: ਸੁਰਜਨ ਸਿੰਘ ਗਿੱਲ ਨੇ ਸਪੱਸ਼ਟ ਕੀਤਾ ਕਿ ਸਿਖ ਕਦੀ ਵੀ ਇਸ ਵਿਧਾਨ ਦੇ ਪਾਬੰਦ ਨਹੀਂ ਹੋਏ, ਤਾਰੀਖ ਵਿਚ ਕਦੀ ਵੀ ਸਿਵਾਏ ਸਤਾਰਵੀਂ ਤੇ ਅਠਾਰਵੀਂ ਸਦੀ ਦੇ ਅਤਿਆਚਾਰੀ ਮੁਗਲ ਤੇ ਅਫਗਾਨਸ਼ਾਹੀ ਦੌਰ ਦੇ ਸਿਖ ਕੌਮ ਦੀ ਹੋਂਦ ਨੂੰ ਏਡਾ ਵੱਡਾ ਖਤਰਾ ਕਦੀ ਵੀ ਮਹਿਸੂਸ ਨਹੀਂ ਹੋਇਆ ਜਿੰਨਾ ਕਿ ਅਜੋਕੇ ਸਮੇਂ ਭਾਰਤ ਦੀ ਹਿੰਦੂ ਸ਼ਾਹੀ ਤੋਂ ਦਰਪੇਸ਼ ਹੈ।"

ਮੁਜ਼ਾਹਰੇ ਵਿਚ ਸ਼ਾਮਲ ਲੋਕਾਂ ਨੇ ਪੁਰਜ਼ੋਰ ਮੰਗ ਕੀਤੀ ਕਿ ਕੈਨੇਡਾ ਦੇ ਸ਼ਹਿਰੀ ਜ. ਤਲਵਿੰਦਰ ਸਿੰਘ ਪਰਮਾਰ ਨੂੰ ਪੱਛਮੀ ਜਰਮਨੀ ਦੀ ਕੈਦ ਵਿਚੋਂ ਫੌਰਨ ਰਿਹਾ ਕੀਤਾ ਜਾਵੇ ਜਿਥੇ ਕਿ ਉਹ ਹਿੰਦ ਸਰਕਾਰ ਦੀ ਸਾਜ਼ਿਸ਼ ਅਧੀਨ ਗ੍ਰਿਫਤਾਰ ਹਨ। ਮੰਗ ਕੀਤੀ ਗਈ ਕਿ ਕੈਨੇਡਾ ਤੇ ਪੱਛਮੀ ਜਰਮਨੀ ਦੀਆਂ ਸਰਕਾਰਾਂ ਤਲਵਿੰਦਰ ਸਿੰਘ ਪਰਮਾਰ ਦੀ ਰਿਹਾਈ ਵਾਸਤੇ ਫੌਰੀ ਕਦਮ ਪੁੱਟਣ ਤਾਂ ਜੁ ਉਹ ਆਪਣੇ ਘਰ ਤੇ ਪ੍ਰਵਾਰ ਵਿਚ ਵਾਪਸ ਆ ਸਕਣ।

'ਸਿਖਾਂ ਦੇ ਦ੍ਰਿੜ ਇਰਾਦੇ ਤੇ ਅਜ਼ਾਦੀ ਹਾਸਲ ਕਰਨ ਦੇ ਪ੍ਰਚੰਡ ਜਜ਼ਬੇ ਨੂੰ ਸੰਪੂਰਨ ਰੂਪ ਦੇਣ ਲਈ ਸ. ਸੁਰਜਨ ਸਿੰਘ ਨੇ ਭਾਰਤ ਦਾ ਰਾਸ਼ਟਰੀ ਤਿਰੰਗਾ ਝੰਡਾ ਇੰਡੀਅਨ ਕਾਨਸੁਲੇਟ ਵੈਨਕੂਵਰ ਦੇ ਐਨ ਸਾਹਮਣੇ ਸਾੜ ਕੇ ਰਾਖ ਕਰ ਦਿਤਾ।'

ਦਰਸ਼ਕਾਂ ਅਨੁਸਾਰ ਰੌਬਸਨ ਸਕੁਏਰ ਵਿਚ ਮੋਤਾ ਸਿੰਘ ਝੀਤਾ, ਦਰਜੀਤ ਸਿੰਘ ਸੰਧੂ, ਗਿਆਨ ਸਿੰਘ ਸੰਧੂ, ਪ੍ਰੀਤਮ ਸਿੰਘ ਔਲਖ, ਸਵਰਨ ਸਿੰਘ ਬੁੱਟਰ, ਕੁਲਵੰਤ ਸਿੰਘ, ਸੁਖਦੇਵ ਸਿੰਘ, ਸੰਤਾ ਸਿੰਘ ਤਤਲਾ, ਗੁਰਪਾਲ ਸਿੰਘ ਲਿੱਟ ਤੇ ਜਗਜੀਤ ਸਿੰਘ ਸਿੱਧੂ ਆਦਿ ਨੇ ਭਾਸ਼ਨ ਵੀ ਦਿੱਤੇ। ਇਸ਼ਤਿਹਾਰਾਂ ਵਿਚ ਦਿਤੇ ਨਾਵਾਂ ਵਿਚੋਂ ਹਰਮਿੰਦਰ ਸਿੰਘ ਸਮਰਾ ਤੇ ਗੁਰਨਾਮ ਸਿੰਘ ਸੰਘੇੜਾ ਸਟੇਜ ਤੋਂ ਨਹੀਂ ਬੋਲੇ।

ਐਬਟਸਫੋਰਡ ਗੁਰੂ ਘਰ ਦੇ ਸਕੱਤਰ ਸੰਤਾ ਸਿੰਘ ਤਤਲਾ ਨੇ ਸਿਖਾਂ ਲਈ 'ਅਜ਼ਾਦ ਮੁਲਕ' ਦੀ ਮੰਗ ਕੀਤੀ ਜਦ ਕਿ ਕੈਮਲੂਪਸ ਦੇ ਸਕੱਤਰ ਗੁਰਪਾਲ ਸਿੰਘ ਲਿੱਟ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਸਿਖਾਂ ਦੀ ਪ੍ਰਤੀਨਿਧ ਕਹਿੰਦਿਆਂ ਸ਼੍ਰੋਮਣੀ ਅਕਾਲੀ ਦਲ ਦੀ ਆਵਾਜ਼ ਬੁਲੰਦ ਕੀਤੀ।

## ਥਾਣੇਦਾਰ ਤੇ ਗੋਲੀਆਂ ਨਾਲ ਹਮਲਾ

ਅੰਮ੍ਰਿਤਸਰ — ਅੰਮ੍ਰਿਤਸਰ ਨੇੜੇ ਦਿਆਲਪੁਰਾ ਪਿੰਡ ਦੇ ਲਾਗੇ ਥਾਣੇਦਾਰ ਸੁਰਿੰਦਰ ਸਿੰਘ, ਜੋ ਮੋਟਰ ਸਾਈਕਲ ਤੇ ਜਾ ਰਿਹਾ ਸੀ, ਤਿੰਨ ਅਤਿਵਾਦੀਆਂ ਨੇ ਹਮਲਾ ਕਰ ਦਿਤਾ ਤੇ ਗੋਲੀਆਂ ਨਾਲ ਉਸਦਾ ਮੋਟਰ ਸਾਈਕਲ ਛਾਨਣੀ ਕਰ ਦਿੱਤਾ। ਥਾਣੇਦਾਰ ਸੁਰਿੰਦਰ ਸਿੰਘ ਆਪ ਬਚ ਗਿਆ। ਪੁਲੀਸ ਨੇ ਤਿੰਨਾਂ ਅਤਿਵਾਦੀਆਂ ਦਾ ਪਿੱਛਾ ਕੀਤਾ। ਤਿੰਨਾਂ ਵਿਚੋਂ ਦੋ ਅਤਿਵਾਦੀ ਫੜੇ ਗਏ, ਜਿਨ੍ਹਾਂ ਦੇ ਨਾਂ ਗੁਰਬਖਸ਼ ਸਿੰਘ ਪਿੰਡ ਖੱਖੀਆਂ, ਤੇ ਦੂਜਾ ਪ੍ਰਗਟ ਸਿੰਘ ਸੀ ਤੀਜਾ ਅਤਿਵਾਦੀ ਦੌੜਨ ਵਿਚ ਸਫਲ ਹੋ ਗਿਆ।

## ਤਹਿਸੀਲਪੁਰਾ ਵਿਚ ਭੁਪਿੰਦਰ ਗੁਪਤਾ ਤੇ ਹਮਲਾ

ਅੰਮ੍ਰਿਤਸਰ — ਅੰਮ੍ਰਿਤਸਰ ਦੇ ਤਹਿਸੀਲਪੁਰਾ ਹਲਕੇ ਵਿਚ ਇਕ ਭੁਪਿੰਦਰ ਗੁਪਤਾ ਨਾਂ ਦੇ ਵਿਅਕਤੀ ਤੇ ਹਮਲਾ ਕੀਤਾ ਗਿਆ। ਇਸ ਹਮਲੇ ਦਾ ਮਕਸਦ ਭੁਪਿੰਦਰ ਗੁਪਤਾ ਦਾ ਘਰ ਲੁਟਣਾ ਸੀ।

OPENING SOON
SUPREME PIZZA
ਵਿਕਟੋਰੀਆ ਡਰਾਈਵ ਤੇ ਖੁਲ੍ਹ ਰਿਹਾ ਹੈ
ਸੁਪਰੀਮ ਪੀਜ਼ਾ
6539, VICTORIA DRIVE,
VANCOUVER, B.C.
Ph. 324-2515

# ਪੰਜਾਬ ਦਰਪਣ

## ਭਿੰਡਰਾਂਵਾਲਾ ਦੇ ਭਰਾ ਨੇ ਅਮਨ ਮਾਰਚ ਤੇ ਗੋਲੀ ਚਲਾਈ

ਮੋਗਾ — ਪਿਛਲੇ ਦਿਨੀਂ ਮੋਗਾ ਹਲਕੇ ਦੇ ਆਲੇ ਦੁਆਲੇ ਦੇ ਪਿੰਡਾਂ ਦੇ ਸਾਂਝੇ ਯਤਨਾਂ ਨਾਲ ਇਕ ਲੰਮਾ ਅਮਨ ਮਾਰਚ ਕੀਤਾ ਗਿਆ। ਜਦ ਇਹ ਅਮਨ ਮਾਰਚ ਬਾਘਾ ਪੁਰਾਣਾ ਵਿਚੋਂ ਗੁਜ਼ਰਿਆ ਤਾਂ ਭਿੰਡਰਾਂਵਾਲਾ ਦੇ ਭਰਾ ਨੇ ਇਸ ਅਮਨ ਮਾਰਚ ਤੇ ਗੋਲੀ ਚਲਾ ਦਿਤੀ। ਯਾਦ ਰਹੇ ਕਿ ਭਿੰਡਰਾਂਵਾਲਾ ਦਾ ਪਿੰਡ ਰੋਡੇ ਬਾਘਾ ਪੁਰਾਣਾ ਤੋਂ ਕੇਵਲ ਕੁਝ ਮੀਲਾਂ ਦੀ ਵਿੱਥ ਤੇ ਹੈ।

ਇਕ ਹੋਰ ਖਬਰ ਅਨੁਸਾਰ ਮੋਗੇ ਵਿਚ ਨਿਕਲੇ ਜਲੂਸ ਨੇ ਤਿੰਨ ਬੱਸਾਂ ਵੀ ਜਲਾ ਕੇ ਰਾਖ ਕਰ ਦਿਤੀਆਂ।

## ਕਪੂਰਥਲੇ ਵਿਚ ਸਰਪੰਚ ਦਾ ਕਤਲ

ਕਪੂਰਥਲਾ — ਕਪੂਰਥਲੇ ਦੇ ਪਿੰਡ ਦੇ ਸਰਪੰਚ ਕਰਤਾਰ ਚੰਦ ਨੂੰ ਅਤਿਵਾਦੀਆਂ ਨੇ ਗੋਲੀ ਮਾਰ ਕੇ ਮਾਰ ਦਿੱਤਾ। ਪਿਛਲੇ ਸਾਲ ਫਤੂ ਵਿੰਗ ਦੇ ਕਾਂਡ ਸਮੇਂ 4 ਪੁਲਸ ਅਫਸਰਾਂ ਤੇ ਹੋਏ ਹਮਲੇ ਬਾਰੇ ਕੇਸ ਵਿਚ ਕਰਤਾਰ ਚੰਦ ਨੇ ਗਵਾਹੀ ਦਿਤੀ ਸੀ ਜਿਸ ਕਾਰਨ ਉਸਦਾ ਕਤਲ ਕਰ ਦਿਤਾ ਗਿਆ। ਅਤਿਵਾਦੀਆਂ ਦਾ ਪਿਛਾ ਕਰਤਾਰ ਚੰਦ ਦੇ ਭਰਾ ਤੇ ਹੋਰ ਲੋਕਾਂ ਨੇ ਕੀਤਾ। ਭੱਜੇ ਜਾਂਦੇ ਅਤਿਵਾਦੀਆਂ ਨੇ ਬਿਜਲੀ ਦੇ ਟਰਾਂਸਫਾਰਮਰ ਵਿਚ ਗੋਲੀਆਂ ਮਾਰੀਆਂ ਜਿਸ ਕਾਰਨ ਸਾਰੇ ਪਿੰਡ ਦੀ ਬਿਜਲੀ ਚਲੀ ਗਈ ਤੇ ਉਹ ਦੌੜ ਗਏ। ਕਰਤਾਰ ਚੰਦ ਦੇ ਚਾਰ ਪੁੱਤਰ ਹਨ ਤੇ ਉਨ੍ਹਾਂ ਪੁਲਸ ਨੂੰ ਰੀਪੋਰਟ ਕੀਤੀ ਐਸ. ਐਸ. ਪੀ. ਸ਼ਰਮਾ ਇਸ ਕੇਸ ਦੀ ਪੜਤਾਲ ਕਰ ਰਹੇ ਹਨ।

## ਫੈਡਰੇਸ਼ਨ ਨੇ ਗੁਰੀਲਾ ਫੌਜ ਤਿਆਰ ਕਰ ਲਈ

ਅੰਮ੍ਰਿਤਸਰ — ਸਾਡੇ ਪੱਤਰ ਪਰੇਰਕ ਅਨੁਸਾਰ ਗੈਰ ਕਾਨੂੰਨੀ ਕਰਾਰ ਦਿਤੀ ਗਈ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਕਾਰਕੁਨਾਂ ਨੇ ਫੈਸਲਾ ਕੀਤਾ ਹੈ ਕਿ ਪੰਜਾਬ ਦੇ 1500 ਪਿੰਡਾਂ ਵਿਚ ਦਸ ਦਸ ਸਿੱਖ ਨੌਜਵਾਨ ਭੇਜੇ ਜਾਣਗੇ। ਇਹ ਨੌਜਵਾਨ ਗੁਰੀਲਾ ਕਾਰਵਾਈਆਂ ਕਰਨਗੇ।

ਇਹ ਨੌਜਵਾਨ ਅਸਲੇ ਨਾਲ ਲੈਸ ਹੋਣਗੇ ਤੇ ਇਨ੍ਹਾਂ ਨੂੰ ਦੂਜੇ ਫਿਰਕਿਆਂ ਦੇ ਲੋਕਾਂ ਵਿਚ ਦਹਿਸ਼ਤ ਫੈਲਾਉਣ ਲਈ ਵਰਤਿਆ ਜਾਏਗਾ। ਫੈਡਰੇਸ਼ਨ ਦਾ ਟੀਚਾ ਡੇਢ ਲੱਖ ਵਲੰਟੀਅਰ ਭਰਤੀ ਕਰਨਾ ਮਿਥਿਆ ਗਿਆ ਹੈ। ਇਸ ਗੁਰੀਲਾ ਫੌਜ ਲਈ ਸਪੈਸ਼ਲ ਟਰੇਨਿੰਗ ਕੈਂਪ ਲਾਏ ਜਾਣਗੇ ਜਿਥੇ ਇਨ੍ਹਾਂ ਨੂੰ ਹਥਿਆਰ ਚਲਾਉਣ ਦੀ ਸਿਖਿਆ ਦਿਤੀ ਜਾਵੇਗੀ ਫੈਡਰੇਸਨ ਦੇ ਸੂਤਰਾਂ ਅਨੁਸਾਰ ਕੁਝ ਸਾਬਕਾ ਫੌਜੀ ਜੋ ਪਹਿਲਾਂ ਵੀ ਇਨ੍ਹਾਂ ਕੈਂਪਾਂ ਵਿਚ ਸਿਖਿਆ ਦਿੰਦੇ ਰਹੇ ਹਨ ਉਹ ਹੀ ਆਉਂਦੇ ਦਿਨਾਂ ਵਿਚ ਇਨ੍ਹਾਂ ਗੁਰੀਲਿਆਂ ਨੂੰ ਤੇਜ਼ੀ ਨਾਲ ਸਿੱਖਿਆ ਦੇਣਗੇ।

## ਸਵਰਨ ਸਿੰਘ ਤੇ ਮਨਜੀਤ ਸਿੰਘ ਗ੍ਰਿਫਤਾਰ

ਲੁਧਿਆਣਾ — ਪੰਜਾਬ ਪੁਲਸ ਨੇ ਦੋ ਸਿਖ ਨੌਜਵਾਨਾਂ ਸਵਰਨ ਸਿੰਘ ਤੇ ਮਨਜੀਤ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ ਜਿਨ੍ਹਾਂ ਤੇ ਬਲਬੀਰ ਸਿੰਘ ਨਿਰੰਕਾਰੀ ਨੂੰ ਕਤਲ ਕਰਨ ਦਾ ਦੋਸ਼ ਹੈ। ਪੁਲਸ ਅਨੁਸਾਰ ਇਹ ਦੋਵੇਂ ਵਿਅਕਤੀ ਦਰਬਾਰ ਸਾਹਿਬ ਦੇ ਅਹਾਤੇ ਵਿਚੋਂ ਗੋਲੀਆਂ ਚਲਾਉਣ ਵਾਲੇ ਵਿਅਕਤੀਆਂ ਵਿਚ ਵੀ ਸ਼ਾਮਲ ਸਨ। ਇਕ ਖਾਦ ਦੇ ਵਪਾਰੀ ਤੇ ਹਮਲੇ ਦਾ ਕਥਿਤ ਦੋਸ਼ ਵੀ ਇਨ੍ਹਾਂ ਦੋਵਾਂ ਤੇ ਲਾਇਆ ਗਿਆ ਹੈ। ਪੁਲਸ ਕਾਫੀ ਦੇਰ ਤੋਂ ਇਨ੍ਹਾਂ ਦੋਵਾਂ ਦੀ ਭਾਲ ਕਰ ਰਹੀ ਸੀ।

## ਪਵਨ ਕੁਮਾਰ ਰਿਹਾ ਕਰ ਦਿੱਤਾ ਗਿਆ

ਪਟਿਆਲਾ — ਹਿੰਦੂ ਸੁਰੱਖਿਆ ਸੰਮਤੀ ਦਾ ਪ੍ਰਧਾਨ ਪਵਨ ਕੁਮਾਰ ਜੇਲ੍ਹ ਵਿਚੋਂ ਰਿਹਾ ਕਰ ਦਿਤਾ ਗਿਆ ਹੈ। ਇਹ ਨਾਭੇ ਦੀ ਜੇਲ੍ਹ ਵਿਚ ਨਜ਼ਰਬੰਦ ਸੀ। ਯਾਦ ਰਹੇ ਕਿ 14 ਫਰਵਰੀ ਦੀਆਂ ਘਟਨਾਵਾਂ ਇਸੇ ਪਵਨ ਕੁਮਾਰ ਦੀ ਗ੍ਰਿਫਤਾਰੀ ਕਾਰਨ ਨਿਕਲੇ ਜਲੂਸਾਂ ਕਾਰਨ ਵਾਪਰੀਆਂ ਸਨ। ਪਵਨ ਕੁਮਾਰ ਨੂੰ ਸੁਰੱਖਿਆ ਐਕਟ ਅਧੀਨ ਗ੍ਰਿਫਤਾਰ ਕੀਤਾ ਗਿਆ ਸੀ।

ਅਸੀਂ 1947 ਵੀ ਵੇਖਿਆ ਏ ਤੇ ਹੁਣ ਦਾ ਪੰਜਾਬ ਵੀ
ਉਦੋਂ ਵੀ ਮੁਸਾਫਰ ਕਤਲ ਕੀਤੇ ਗਏ ਤੇ ਹੁਣ ਵੀ ਹੋ ਰਹੇ ਹਨ




## ਫੀਰੋਜ਼ਪੁਰ ਲਾਗੇ ਗ੍ਰੰਥੀ ਤੇ ਗੋਲੀ

ਫੀਰੋਜ਼ਪੁਰ ਦੇ ਮੱਲ੍ਹਾਂਵਾਲਾ ਪਿੰਡ ਦੇ ਗੁਰਦੁਆਰੇ ਦੇ ਭਾਈ ਤੇ ਕਿਸੇ ਨੇ ਗੋਲੀ ਚਲਾ ਕੇ ਉਸਨੂੰ ਮਾਰ ਦਿੱਤਾ। ਪੁਲਸ ਨੇ ਕਾਤਲ ਦਾ ਪਤਾ ਕਰਨ ਲਈ ਖੋਜੀ ਕੁੱਤੇ ਪੈੜਾਂ ਕੱਢਣ ਲਈ ਲਾਏ। ਖੋਜੀ ਕੁੱਤੇ ਗੁਰਦੁਆਰੇ ਦੇ ਭਾਈ ਦੇ ਭਰਾਵਾਂ ਦੇ ਘਰ ਚਲੇ ਗਏ। ਜਦੋਂ ਕਿ ਉਸਦੇ ਦੋਵਾਂ ਭਰਾ ਪਹਿਲਾਂ ਹੀ ਘਰੋਂ ਫਰਾਰ ਹੋ ਚੁਕੇ ਸਨ। ਗੁਰਦੁਆਰੇ ਦੇ ਭਾਈ ਦਾ ਨਾਂ ਵੀਰ ਸਿੰਘ ਸੀ। ਉਸਦੇ ਭਤੀਜੇ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਪੁਲਸ ਨੇ ਕਿਹਾ ਹੈ ਕਿ ਇਹ ਕਤਲ ਜ਼ਾਤੀ ਦੁਸ਼ਮਣੀ ਕਾਰਨ ਹੋਇਆ। ਵੀਰ ਸਿੰਘ ਵਿਆਹਿਆ ਹੋਇਆ ਨਹੀਂ ਸੀ ਤੇ ਉਸਨੂੰ 25 ਏਕੜ ਜ਼ਮੀਨ ਆਉਂਦੀ ਸੀ ਤੇ ਤਿੰਨ ਕਮਰੇ ਦਾ ਉਸਦਾ ਘਰ ਵੀ ਸੀ। ਇਹ ਜ਼ਮੀਨ ਹੀ ਕਤਲ ਦਾ ਕਾਰਨ ਬਣੀ। ਇਹ ਗੁਰਦੁਆਰਾ ਵੀ ਘਰ ਦੇ ਵਿਚ ਹੀ ਬਣਾਇਆ ਹੋਇਆ ਸੀ।

## 'ਪੰਥ ਆਜ਼ਾਦ ਹਫਤਾ' 2 ਅਪਰੈਲ ਤੋਂ

ਅੰਮ੍ਰਿਤਸਰ — ਸ਼ਰੋਮਣੀ ਅਕਾਲੀ ਦਲ ਦੇ ਪਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਇਕ ਬਿਆਨ ਵਿਚ ਕਿਹਾ ਹੈ "ਅਕਾਲੀ ਦਲ ਪੰਜਾਬ ਤੋਂ ਰਾਜ ਸਭਾ ਲਈ ਹੋ ਰਹੀ ਚੋਣ ਦਾ ਬਾਈ ਕਾਟ ਕਰੇਗਾ ਕਿਉਂਕਿ ਸਵਾਲ ਹੁਣ ਇਕ ਸੀਟ ਦਾ ਨਹੀਂ ਰਿਹਾ ਸਗੋਂ ਭਾਰਤ ਵਿਚ ਸਿੱਖਾਂ ਦੀ ਹੋਂਦ ਦਾ ਬਣ ਗਿਆ ਹੈ"

ਸੰਤ ਜੀ ਨੇ ਕਿਹਾ ਕਿ ਭਾਰਤ ਵਿਚ ਲੋਕਤੰਤਰ ਤੇ ਧਰਮ ਨਿਰਪੇਖਤਾ ਨਾਂਅ ਦੀ ਕੋਈ ਚੀਜ਼ ਨਹੀਂ ਰਹੀ ਅਤੇ ਭਾਰਤੀ ਸੰਵਿਧਾਨ ਕੇਵਲ ਹੁਕਮਰਾਨ ਪਾਰਟੀ ਅਤੇ ਇਕ ਪਰਵਾਰ ਦੇ ਹੱਥ ਦਾ ਖਿਡੌਣਾ ਬਣਕੇ ਰਹਿ ਗਿਆ ਹੈ।

ਸੰਤ ਜੀ ਨੇ ਕਿਹਾ ਕਿ ਪਿਛਲੇ ਸਮੇਂ ਤੋਂ ਸ਼ਰੋਮਣੀ ਅਕਾਲੀ ਦਲ ਪੰਜਾਬ ਅਤੇ ਸਿੱਖਾਂ ਦੀਆਂ ਹੱਕੀ ਤੇ ਸੰਵਿਧਾਨਕ ਮੰਗਾਂ ਦੀ ਪੂਰਤੀ ਲਈ ਪੁਰਅਮਨ ਤੇ ਸ਼ਾਂਤ ਸੰਘਰਸ਼ ਕਰ ਰਿਹਾ ਹੈ ਜਿਸ ਵਿਚੋਂ ਦੋ ਲੱਖ ਤੋਂ ਵਧ ਪੰਜਾਬੀ ਗ੍ਰਿਫਤਾਰੀਆਂ ਦੇ ਚੁੱਕੇ ਹਨ ਅਤੇ ਦੋ ਸੋ ਤੋਂ ਵਧ ਸ਼ਹਾਦਤਾਂ ਪ੍ਰਾਪਤ ਕਰ ਚੁਕੇ ਹਨ ਪਰ ਇਸ ਦੇ ਬਾਵਜੂਦ ਸਰਕਾਰ ਨੇ ਸੰਵਿਧਾਨਕ ਮੰਗਾਂ ਵਲ ਧਿਆਨ ਨਹੀਂ ਦਿਤਾ ਜਿਸ ਤੋਂ ਸਪਸ਼ਟ ਹੈ ਕਿ ਬਹੁ ਸੰਮਤੀ ਦੇ ਜ਼ੋਰ ਨਾਲ ਇਸ ਦੇਸ਼ ਵਿਚ ਘਟ ਗਿਣਤੀਆਂ ਦਾ ਗਲਾ ਘੁਟਿਆ ਜਾਰਿਹਾ ਹੈ।

ਸੰਤ ਜੀ ਨੇ ਕਿਹਾ "ਜਦੋਂ ਸੰਵਿਧਾਨ ਦੀ ਇਛਾ ਅਨੁਸਾਰ ਕੋਈ ਫੈਸਲਾ ਹੋਣਾ ਹੀ ਨਹੀਂ ਅਤੇ ਹਾਕਮ ਪਾਰਟੀ ਜਾਂ ਹੁਕਮਰਾਨ ਦੀ ਮਰਜ਼ੀ ਅਨੁਸਾਰ ਹੀ ਸੰਵਿਧਾਨ ਨੇ ਚਲਣਾ ਹੈ ਤਾਂ ਸਪਸ਼ਟ ਹੈ ਕਿ ਲੋਕ.ਤੰਤਰ ਤੇ ਨਿਰਪੇਖਤਾ ਦੇ ਨਾਅਰੇ ਇਕ ਫਰਾਡ ਜਾਂ ਮਖੌਲ ਤੋਂ ਵਧ ਕੁਝ ਨਹੀਂ ਅਜੇਹੀ ਹਾਲਤ ਵਿਚ 'ਰਾਜ ਸਭਾ' ਦੀ ਚੋਣ ਲੜਨਾ ਕਿਸੇ ਤਰਾਂ ਵੀ ਠੀਕ ਨਹੀਂ। ਅਕਾਲੀ ਦਲ ਪੰਜਾਬੀਆਂ ਤੇ ਸਿੱਖਾਂ ਨੂੰ ਇਨਸਾਫ ਨਾ ਦਿਤੇ ਜਾਣ ਤੇ ਰੋਸ ਦਾ ਪ੍ਰਗਟਾਵਾ ਕਰਦਾ ਹੋਇਆ ਰਾਜ ਸਭਾ ਦੀ ਚੋਣ ਦਾ ਬਾਈਕਾਟ ਕਰਦਾ ਹੈ"

ਸੰਤ ਜੀ ਨੇ ਸਮੂਹ ਸਿੱਖਾਂਨੂੰ ਅਪੀਲ ਕੀਤੀ ਹੈਕਿ ਉਹ 2 ਅਪਰੈਲ ਤੋਂ 7 ਅਪਰੈਲ ਤਕ 'ਪੰਥ ਆਜ਼ਾਦ ਸਪਤਾਹ ਮਨਾਉਣ" ਅਤੇ ਜ਼ਿਲਾ ਹੈਡ ਕੁਆਰਟਰਾਂ ਤੇ ਜ਼ਿਲਾ ਅਕਾਲੀ ਜਥਿਆਂ ਵਲੋਂ ਮਿਥੇ ਪ੍ਰੋਗਰਾਮ ਅਨੁਸਾਰ ✠

✠ ਸਮੂਹਕ ਤੌਰ ਤੇ ਧਾਰਾ 25 ਨੂੰ ਸਾੜਕੇ ਸਿੱਖਾਂ ਦੀ ਆਜ਼ਾਦ ਹਸਤੀ ਦੀ ਸੰਵਿਧਾਨਕ ਗਰੰਟੀ ਦੀ ਮੰਗ ਕਰਨ।

## ਪੰਜਾਬ ਦੇ ਕਿਸਾਨਾਂ ਨੂੰ 300 ਕਰੋੜ ਦਾ ਲਾਭ ਹੋਵੇਗਾ

ਚੰਡੀਗੜ੍ਹ — ਪੰਜਾਬ ਵਿਚ ਕਿਸਾਨ ਮੋਰਚਾ ਖਤਮ ਕੀਤੇ ਜਾਣ ਦੀਆਂ ਖਬਰਾਂ ਹਨ। ਇਹ ਮੋਰਚਾ ਦੋਵਾਂ ਕਮਿਊਨਿਸਟ ਪਾਰਟੀਆਂ ਅਤੇ ਅਕਾਲੀ ਦਲ ਵਲੋਂ ਆਯੋਜਤ ਕੀਤਾ ਗਿਆ ਸੀ। ਪੰਜਾਬ ਸਰਕਾਰ ਅਤੇ ਮੋਰਚਾ ਕਮੇਟੀ ਵਿਚਕਾਰ ਫੈਸਲਾ ਹੋ ਗਿਆ ਹੈ ਜਿਸ ਨਾਲ ਪੰਜਾਬ ਦੇ ਕਿਸਾਨਾਂ ਨੂੰ 300 ਕਰੋੜ ਰੁਪਏ ਦੇ ਲਾਭ ਪਹੁੰਚਣ ਦਾ ਅਨੁਮਾਨ ਹੈ। ਪੰਜਾਬ ਵਿਚ ਬਿਜਲੀ ਉਤਪਾਦਨ ਨੂੰ ਵਧਾਉਣ ਲਈ ਪੰਜਾਬ ਸਟੇਟ ਬਿਜਲੀ ਬੋਰਡ 20 ਕਰੋੜ ਰੁਪਏ ਹੋਰ ਖਰਚ ਕਰੇਗਾ ਤਾਂ ਕਿ ਕਿਸਾਨਾਂ ਨੂੰ ਹੋਰ ਬਿਜਲੀ ਮੁਹੱਈਆ ਕੀਤੀ ਜਾ ਸਕੇ।

ਇਸ ਮੋਰਚੇ ਵਿਚ 30,000 ਦੇ ਲਗਪਗ ਕਿਸਾਨ ਸ਼ਾਮਲ ਹੋਏ। ਸਾਡੇ ਪੱਤਰ ਪਰੇਰਕ ਅਨੁਸਾਰ ਪੰਜਾਬ ਦੇ ਕਿਸਾਨਾਂ ਦੀਆਂ ਮੁੱਖ ਮੰਗਾਂ ਮੰਨ ਲਈਆਂ ਗਈਆਂ ਹਨ।

**Nash N.S. Gill**
Barrister & Solicitor
Notary Public
Personal injury & I.C.B.C claims, Divorces, Immigration, Estates & Criminal
ਕਾਰ ਐਕਸੀਡੈਂਟ ਵਿੱਚ ਸੱਟ ਲੱਗ ਜਾਣ ਨਾਲ ਇਨਸ਼ੋਰੈਂਸ ਦੇ ਕੇਸ ਤੇ ਡਾਈਵੋਰਸ-ਇਮੀਗਰੇਸ਼ਨ ਅਤੇ ਅਸਟੇਟ ਦੇ ਕੇਸ ਆਦਿ ਹੈਂਡਲ ਕੀਤੇ ਜਾਂਦੇ ਹਨ ਮਿਲੋ ਜਾਂ ਫੂਨ ਕਰੋ
Bus. 853-9322
Res. 826-8207
New Office located at :
33232 South Fraser Way
Abbotsford, B.C.

**VIDEO MART**
GUARANTEED CLEAR PRINTS
3369 'A' KINGSWAY (near Joyce) VANCOUVER, 438-3355.
ਸਾਡੇ ਕੋਲੋਂ ਤੁਹਾਨੂੰ ਹਰ ਤਰ੍ਹਾਂ ਦੀਆਂ ਪੰਜਾਬੀ, ਹਿੰਦੀ, ਗੁਜਰਾਤੀ ਮੂਵੀਆਂ ਮਿਲ ਸਕਦੀਆਂ ਹਨ। ਵੀਡੀਓ ਮਸ਼ੀਨਾਂ ਤੇ ਟੀ. ਵੀ. ਵੀ ਮਿਲਦੇ ਹਨ।
GUARANTEED PRINTS
FAST SERVICE GUARANTEED MAIL ORDERS ACCEPTED
ਵਧੀਆ ਪ੍ਰਿੰਟਾਂ ਲਈ ਹਮੇਸ਼ਾ ਕਿੰਗਜ਼ਵੇ ਤੇ ਵੀਡੀਓ ਮਾਰਟ ਨੂੰ ਯਾਦ ਰੱਖੋ
NARINDER JASWAL JOGA S. MANN

# THE CANADA DARPAN
P.O.BOX 67344 STN. 'O'
Vancouver, B.C. V5W 3T1

Chief Editor(Hon.) : DARSHAN GILL
Editor : HARBHAJAN SINGH DEOL
PHONE : (604)321-6360

All Officeholders of CANADA DARPAN are honorary associates


'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

### ਸੰਪਾਦਕੀ

## ਮੋਰਚੇ ਦਾ ਰੁਖ ਕਿਧਰ ਨੂੰ ?

ਪਿਛਲੇ ਦਿਨਾਂ ਵਿਚ ਪੰਜਾਬ ਵਿਚ ਅਕਾਲੀਆਂ ਵਲੋਂ ਚਲਾਏ ਜਾ ਰਹੇ ਮੋਰਚੇ ਦਾ ਰੁਖ ਬਦਲ ਰਿਹਾ ਹੈ। ਜਿਥੇ ਪਹਿਲਾਂ ਅਕਾਲੀ ਪਾਰਟੀ ਦਾ ਮੁਖ ਰੁਝਾਨ ਪੰਜਾਬੀਆਂ ਦੀਆਂ ਮੰਗਾਂ ਸਨ ਜਿਨ੍ਹਾਂ ਵਿਚ ਚੰਡੀਗੜ੍ਹ ਦਾ ਮਸਲਾ, ਪੰਜਾਬੀ ਬੋਲਦੇ ਇਲਾਕਿਆਂ ਦਾ ਪੰਜਾਬ ਵਿਚ ਸ਼ਾਮਲ ਕੀਤੇ ਜਾਣਾ, ਪੰਜਾਬ ਦੇ ਕਿਸਾਨਾਂ ਨੂੰ ਪਾਣੀ ਦੀ ਮੁੱਖ ਸਮੱਸਿਆ ਦਾ ਸਾਹਮਣਾ ਆਦਿ ਅਤੇ ਸ਼੍ਰੋਮਣੀ ਅਕਾਲੀ ਦਲ ਦੀਆਂ ਇਨ੍ਹਾਂ ਮੰਗਾਂ ਨਾਲ ਪੰਜਾਬ ਦੀਆਂ ਅਤੇ ਕਿਸੇ ਹੱਦ ਤੱਕ ਭਾਰਤ ਦੀਆਂ ਮੁੱਖ ਪਾਰਟੀਆਂ ਵੀ ਸਮਰਥਨ ਦੇ ਰਹੀਆਂ ਸਨ, ਉਥੇ ਹੁਣ ਇਨ੍ਹਾਂ ਮੰਗਾਂ ਨੂੰ ਪਿਛੋਕੜ ਵੱਲ ਧੱਕ ਦਿਤਾ ਗਿਆ ਹੈ ਅਤੇ ਉਸਦੀ ਥਾਂ ਕੇਵਲ ਸਿਖ ਮੰਗਾਂ ਸਾਹਮਣੇ ਆ ਗਈਆਂ ਹਨ। ਰਾਜਨੀਤਕ ਹਲਕਿਆਂ ਵਿਚ ਇਹ ਚਰਚਾ ਵੀ ਚਲ ਰਹੀ ਹੈ ਕਿ ਜਿਉਂ ਤਿਉਂ ਮੋਰਚਾ ਲੰਮਾ ਹੁੰਦਾ ਗਿਆ ਹੈ, ਅਕਾਲੀ ਲੀਡਰ ਨਿਰਾਸਤਾ ਵਿਚ ਅਜਿਹੇ ਕਦਮ ਚੁਕਣ ਵੱਲ ਤੁਰ ਪਏ ਹਨ ਜਿਹੜੇ ਕਦਮ ਪੰਜਾਬੀਆਂ ਲਈ ਘਾਤਕ ਸਿਧ ਹੋ ਸਕਦੇ ਹਨ। ਸਿੱਖ ਅਤੇ ਹਿੰਦੂ ਫਿਰਕਿਆਂ ਵਿਚਕਾਰ ਪਾੜਾ ਵਧਾਉਣ ਵਿਚ ਅਤਿਵਾਦੀ ਅਨਸਰ ਕਿਸੇ ਹੱਦ ਤੱਕ 'ਕਾਮਯਾਬ' ਹੋ ਗਿਆ ਹੈ। ਸਿਆਸੀ ਨਜ਼ਰੀਏ ਤੋਂ ਵਿਧਾਨ ਦੀ ਧਾਰਾ 25 ਦਾ ਬਹਾਨਾ ਬਣਾ ਕੇ ਪ੍ਰਮੁਖ ਆਗੂ ਜੇਲ੍ਹਾਂ ਵਿਚ ਜਾ ਬੈਠੇ ਹਨ ਅਤੇ ਮੈਦਾਨ ਖੁਲ੍ਹਾ ਭਿੰਡਰਾਂਵਾਲਾ ਅਤੇ ਉਨ੍ਹਾਂ ਦੇ ਚੇਲਿਆਂ ਦੇ ਹੱਥ ਆ ਗਿਆ ਹੈ। ਸੰਤ ਲੌਂਗੋਵਾਲ ਵੀ ਆਪਣੇ ਸਲਾਹਕਾਰਾਂ ਦੀ ਸਲਾਹ ਤੋਂ ਬਿਨਾਂ ਕੋਈ ਕਦਮ ਨਹੀਂ ਚੁਕ ਸਕਦੇ ਅਤੇ ਉਨ੍ਹਾਂ ਦੇ ਸਾਰੇ ਸਲਾਹਕਾਰ ਮੰਝਧਾਰ ਵਿਚ ਬੇੜੀ ਛੱਡ ਕੇ ਕਿਨਾਰਾ ਕਸ਼ੀ ਕਰ ਗਏ ਹਨ।

ਇਸ ਹਾਲਾਤ ਵਿਚ ਸੰਤ ਲੌਂਗੋਵਾਲ ਹੋਰਾਂ ਸਾਹਮਣੇ ਦੋ ਰਾਹ ਦਿਸਦੇ ਹਨ। ਇਕ ਤਾਂ ਇਹ ਕਿ ਉਹ ਭਿੰਡਰਾਂਵਾਲਾ ਦੀ ਬੋਲੀ ਬੋਲਣ ਲੱਗ ਜਾਣ, ਤਦ ਹੀ ਉਹ ਦਰਬਾਰ ਸਾਹਿਬ ਅੰਦਰ ਸੁਰਖਿਅਤ ਰਹਿ ਸਕਦੇ ਹਨ ਜਾਂ ਫਿਰ ਮੈਦਾਨ ਮੁਕੰਮਲ ਤੌਰ ਤੇ ਭਿੰਡਰਾਂਵਾਲਾ ਲਈ ਛੱਡ ਦੇਣ। ਹੁਣ ਤੱਕ ਸੰਤ ਲੌਂਗੋਵਾਲ ਦੂਰ-ਅੰਦੇਸ਼ੀ ਤੋਂ ਕੰਮ ਲੈਂਦੇ ਰਹੇ ਹਨ ਅਤੇ ਹਿੰਦੂ-ਸਿਖ ਏਕਤਾ ਦਾ ਨਾਅਰਾ ਦਿੰਦੇ ਰਹੇ ਹਨ। ਉਹ ਮੰਗਾਂ ਨੂੰ ਵੀ ਪੰਜਾਬੀਆਂ ਦੀਆਂ ਮੰਗਾਂ ਕਹਿਕੇ ਪੇਸ਼ ਕਰਦੇ ਰਹੇ ਹਨ। ਇਸੇ ਕਾਰਨ ਸਿਖ ਅਤੇ ਗ਼ੈਰ-ਸਿਖ ਹਲਕਿਆਂ ਵਿਚ ਸੰਤ ਲੌਂਗੋਵਾਲ ਦਾ ਵਕਾਰ ਬਣਿਆ ਰਿਹਾ ਹੈ ਅਤੇ ਪੰਜਾਬ ਦੇ ਲੋਕ ਉਨ੍ਹਾਂ ਨੂੰ ਸਤਿਕਾਰ ਦੀ ਨਜ਼ਰ ਨਾਲ ਦੇਖਦੇ ਹਨ। ਧਾਰਮਿਕ ਵਿਚਾਰਾਂ ਵਾਲੇ ਵਿਅਕਤੀਆਂ ਲਈ ਇਹ ਸ਼ੋਭਾ ਨਹੀਂ ਦਿੰਦਾ ਕਿ ਉਹ ਕੇਵਲ ਆਪਣੇ ਧਰਮ ਨੂੰ ਹੀ ਵਿਸ਼ੇਸ਼ ਸਮਝਣ ਅਤੇ ਦੂਜੇ ਧਰਮਾਂ ਨੂੰ ਨਿੰਦਣ। ਧਾਰਮਿਕ ਵਿਸ਼ਵਾਸ਼ ਵਾਲੇ ਵਿਅਕਤੀ ਧਰਮ ਦੀ ਬੁਨਿਆਦ ਨੂੰ ਨੇਕੀ ਅਤੇ ਪ੍ਰਸਪਰ, ਸਾਂਝ ਵਿਚ ਦ੍ਰਿਸ਼ਟੀਮਾਨ ਵੇਖਦੇ ਹਨ। ਸਮੱਸਿਆ ਪੰਜਾਬ ਦੀ ਧਾਰਮਿਕ ਨਹੀਂ, ਰਾਜਨੀਤਕ ਹੈ। ਇਸ ਦਾ ਹੱਲ ਵੀ ਧਾਰਮਿਕ ਨਹੀਂ ਰਾਜਨੀਤਕ ਹੈ। ਰਾਜਨੀਤਕ ਦ੍ਰਿਸ਼ਟੀਕੋਣ ਤੋਂ ਪੰਜਾਬ ਦੀ ਸਮੱਸਿਆ ਦਾ ਹੱਲ ਪੰਜਾਬੀਅਤ ਦੀ ਭਾਵਨਾ ਪੈਦਾ ਕਰਨ ਵਿਚ ਹੈ। ਰਾਜਨੀਤਕ ਤੱਥਾਂ ਤੋਂ ਅੱਖਾਂ ਮੀਟਿਆਂ ਪੰਜਾਬ ਦੇ ਮਸਲੇ ਦਾ ਹੱਲ ਨਹੀਂ ਹੋਣ ਲੱਗਾ। ਕੇਂਦਰ ਤੇ ਦਬਾਅ ਪੰਜਾਬ ਦੇ ਸਮੁੱਚੇ ਲੋਕ ਪਾ ਕੇ ਹੀ ਪੰਜਾਬ ਦੀਆਂ ਮੰਗਾਂ ਮੰਨਵਾ ਸਕਦੇ ਹਨ। ਜਿਹੜੀ ਖੇਡ ਇਸ ਸਮੇਂ ਹਿੰਸਾਤਮਕ ਘਟਨਾਵਾਂ ਕਰਵਾ ਕੇ ਕੁਝ ਲੋਕ ਖੇਡ ਰਹੇ ਹਨ, ਇਹ ਸਗੋਂ ਕੇਂਦਰ ਸਰਕਾਰ ਦੇ ਹੱਥਾਂ ਵਿਚ ਖੇਡਣ ਵਾਲੀ ਖੇਡ ਹੈ। ਕੇਂਦਰੀ ਆਗੂ ਪਹਿਲਾਂ ਹੀ ਇਹ ਬਹਾਨਾ ਲੈ ਬਹਿੰਦੇ ਹਨ ਕਿ ਜਦ ਪੰਜਾਬ ਦੇ ਲੋਕਾਂ ਵਿਚ ਆਪਸੀ ਫੁਟ ਹੈ ਤਾਂ ਉਹ ਕੀ ਕਰ ਸਕਦੇ ਹਨ। ਅਤਿਵਾਦੀਆਂ ਦੇ 'ਕਾਰਨਾਮੇ' ਮੰਗਾਂ ਮਨਵਾਉਣ ਲਈ ਨਹੀਂ ਹਨ, ਖਰੂਦ ਪੈਦਾ ਕਰਨ ਵਿਚ ਹਨ ਤਾਂ ਕਿ ਪੰਜਾਬ ਦੇ ਆਮ ਲੋਕਾਂ ਦੀ ਲੁੱਟ ਪਹਿਲਾਂ ਵਾਂਗ ਜਾਰੀ ਰਹਿ ਸਕੇ। ਸਿਆਸੀ ਮੈਦਾਨ ਸਰਮਾਏਦਾਰ ਅਤੇ ਜਾਗੀਰਦਾਰ ਟੋਲਿਆਂ ਦੇ ਹੱਥ ਹੈ ਅਤੇ ਉਹ ਆਪਣੇ ਹੱਥ-ਠੋਕਿਆਂ ਤੋਂ ਜੋ ਮਰਜ਼ੀ ਕਰਵਾਈ ਜਾ ਰਹੇ ਹਨ। ਘਾਣ ਆਮ ਲੋਕਾਂ ਦਾ ਹੋ ਰਿਹਾ ਹੈ।

ਵਕਤ ਹੈ ਕਿ ਸੰਤ ਲੌਂਗੋਵਾਲ ਸਮੇਂ ਦੀ ਨਜ਼ਾਕਤ ਨੂੰ ਪਛਾਨਣ ਅਤੇ ਮੋਰਚੇ ਨੂੰ ਗ਼ਲਤ ਰਾਹੇ ਪੈਣ ਤੋਂ ਰੋਕਣ।

---

ਅਖ਼ਬਾਰ ਮੇਂ ਰੋਜ਼ਾਨਾ ਵਹੀ ਸ਼ੋਰ ਹੈ, ਯਾਨੀ,
ਅਪਨੇ ਸੇ ਯੇ ਹਾਲਾਤ ਸੰਵਰ ਕਯੋਂ ਨਹੀਂ ਜਾਤੇ।
ਯਹ ਬਾਤ ਅਬੀ ਮੁਜ ਕੋ ਭੀ ਮਾਲੂਮ ਨਹੀਂ ਹੈ,
ਪੱਥਰ ਇਧਰ ਆਤੇ ਹੈਂ ਉਧਰ ਕਯੋਂ ਨਹੀਂ ਜਾਤੇ।

## ਰਾਜਸੀ ਪਿੜ ਵਿਚੋਂ

**ਲਖਵਿੰਦਰ ਜੌਹਲ**

### ਦਰਬਾਰ ਸਾਹਿਬ ਦੁਆਲੇ ਨਾਕਾਬੰਦੀ

ਢਾਈ ਸਾਲਾਂ ਤੋਂ ਸ਼ੁਰੂ ਹੋਏ ਮੋਰਚੇ ਦੌਰਾਨ ਇਹ ਪਹਿਲੀ ਵਾਰੀ ਸੀ ਕਿ ਇਨਾਂ ਦਿਨਾਂ ਵਿਚ ਦਰਬਾਰ ਸਾਹਿਬ ਦੇ ਅਹਾਤੇ ਦੁਆਲੇ ਸੀ. ਆਰ. ਪੀ. ਅਤੇ ਬੀ. ਐਮ. ਐਫ. ਵੱਡੀ ਮਾਤਰਾ ਵਿਚ ਤਾਇਨਾਤ ਕੀਤੀ ਗਈ ਹੈ ਅਤੇ ਦਰਬਾਰ ਸਾਹਿਬ ਦੇ ਆਲੇ ਦੁਆਲੇ ਦੇ ਖੇਤਰ ਅਤੇ ਸਾਹਮਣੇ ਵਾਲੀ ਵੱਡੀ ਸੜਕ ਵੀ ਕਰਫਿਊ ਵਾਲੇ ਖੇਤਰਾਂ ਵਿਚ ਸ਼ਾਮਲ ਕੀਤੀ ਗਈ ਸੀ। ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਅਤੇ ਪੁਲਸ ਮੁਖੀ ਨਾਲ ਸ਼ਵਰਾਤਰੀ ਵਾਲੀ ਰਾਤ ਹੋਏ ਬੰਬ ਧਮਾਕੇ ਦੇ ਦੋਸ਼ੀਆਂ ਦਾ ਪਤਾ ਕਰਨ ਸੰਬੰਧੀ ਸੀ. ਆਰ. ਪੀ. ਦੇ ਜਵਾਨਾਂ ਵਲੋਂ ਕੀਤੀ ਗਈ ਖਿਚ ਧੂਹ ਦੀਆਂ ਖਬਰਾਂ ਦਾ ਭਾਵੇਂ ਸੀ. ਆਰ. ਪੀ. ਨੇ ਦੂਸਰੇ ਦਿਨ ਅਖਬਾਰਾਂ ਨੂੰ ਪਰੈਸ ਨੋਟ ਜਾਰੀ ਕਰਕੇ ਖੰਡਨ ਕੀਤਾ ਹੈ ਪਰ ਇਹ ਗੱਲ ਸਭ ਦੀ ਜੀਭ ਉਤੇ ਹੈ ਕਿ ਸੁਰਖਿਆ ਤਾਕਤਾਂ ਵਿਚ ਉਸ ਨਾਲ ਭਾਰੀ ਤਨਾਓ ਪੈਦਾ ਹੋ ਗਿਆ ਸੀ ਅਤੇ ਪ੍ਰਸਾਸ਼ਨ ਅਤੇ ਪੁਲਸ ਦੇ ਮੁਖੀ ਨੂੰ ਸੀ. ਆਰ. ਪੀ. ਦੇ ਜਵਾਨਾਂ ਨੇ ਧੱਕੇ ਆਦਿ ਵੀ ਮਾਰੇ ਸਨ। ਉਸੇ ਰਾਤ ਅਤੇ ਦੂਸਰੇ ਦਿਨ ਸਵੇਰੇ ਗਵਰਨਰ ਸ੍ਰੀ ਪਾਂਡੇ. ਉਨ੍ਹਾਂ ਦੇ ਨਵੇਂ ਸਲਾਹਕਾਰ ਸੁਰਿੰਦਰ ਨਾਥ ਅਤੇ ਪੁਲਸ ਆਈ. ਜੀ. (ਅਮਨ ਕਾਨੂੰਨ), ਜਿਨ੍ਹਾਂ ਨੂੰ ਅੱਜ ਕੱਲ੍ਹ ਡਾਇਰੈਕਟਰ ਜਨਰਲ ਆਫ ਪੁਲਸ ਦੇ ਸਾਰੇ ਅਧਿਕਾਰ ਸੌਂਪੇ ਗਏ ਹਨ, ਪ੍ਰੀਤਮ ਸਿੰਘ ਭਿੰਡਰ ਅੰਮ੍ਰਿਤਸਰ ਪਹੁੰਚੇ। ਸਵੇਰੇ ਸਵੇਰੇ ਹੀ ਦਰਬਾਰ ਸਾਹਿਬ ਦੇ ਸਾਰੇ ਰਾਹ ਬੰਦ ਕਰ ਦਿਤੇ ਗਏ ਅਤੇ ਆਲੇ ਦੁਆਲੇ ਦੇ ਮੁਹੱਲਿਆਂ ਦੇ ਲੋਕਾਂ ਨੂੰ ਸਪੀਕਰ ਰਾਹੀਂ ਵਿਸ਼ੇਸ਼ ਹੁਕਮ ਜਾਰੀ ਕਰਕੇ ਘਰਾਂ ਤੋਂ ਬਾਹਰ ਉਕਾ ਨਾ ਨਿਕਲਣ ਦੇ ਆਦੇਸ਼ ਦਿਤੇ ਗਏ। ਇਸ ਵੇਲੇ ਇਕ ਵਾਰ ਤਾਂ ਇਹ ਜਾਪਣ ਲਗ ਪਿਆ ਸੀ ਕਿ ਜਿਵੇਂ ਕੇਂਦਰ ਸਰਕਾਰ ਦਰਬਾਰ ਸਾਹਿਬ ਵਿਚੋਂ ਲੋੜੀਂਦੇ ਦੋਸ਼ੀਆਂ ਨੂੰ ਬਾਹਰ ਕੱਢਣ ਦੀ ਕੋਈ ਕਾਰਵਾਈ ਜ਼ਰੂਰ ਕਰੇਗੀ। ਇਹ ਕਿਆਫ਼ੇ ਇਸ ਕਰਕੇ ਵੀ ਸੌਖੇ ਹੀ ਲਗ ਰਹੇ ਸਨ ਕਿ ਦੋ ਦਿਨ ਪਹਿਲਾਂ ਹੀ ਪਾਰਲੀਮੈਂਟ ਵਿਚ ਪੰਜਾਬ ਅਤੇ ਹਰਿਆਣੇ ਦੀਆਂ ਘਟਨਾਵਾਂ ਸਬੰਧੀ ਬਿਆਨ ਦੇਂਦਿਆਂ ਗ੍ਰਹਿ ਰਾਜ ਮੰਤਰੀ ਪੀ. ਵੈਂਕਟਸੁਬਈਆ ਨੇ ਅਤਿਵਾਦੀਆਂ ਨਾਲ ਹਰ ਹਾਲਤ ਵਿਚ ਨਜਿੱਠਣ ਦੀ ਅਤੇ ਫਿਰਕਾਪ੍ਰਸਤੀ ਨੂੰ ਸਖਤੀ ਨਾਲ ਕੁਚਲ ਦੇਣ ਦੀ ਗੱਲ ਫੇਰ ਦੁਹਰਾਈ ਸੀ ਅਤੇ ਜਨਤਾ ਮੈਂਬਰ ਪ੍ਰੋਫੈਸਰ ਮਧੂ ਦੰਡਵਤੇ ਵਲੋਂ ਪੰਜਾਬ ਘਟਨਾਵਾਂ ਬਾਰੇ ਰੱਖੇ ਗਏ ਮਤੇ ਉਤੇ ਬਹਿਸ ਵਿਚ ਦਖਲ ਦੇਂਦਿਆਂ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਇਹ ਗਲ ਜ਼ੋਰ ਦੇਕੇ ਕਹੀ ਸੀ ਕਿ ਸਰਕਾਰ ਗੁਰਦੁਆਰਿਆਂ ਵਿਚ ਪੁਲਸ ਭੇਜਣ ਸੰਬੰਧੀ ਆਪਣੇ ਪਹਿਲੇ ਫੈਸਲੇ ਉਤੇ ਦੁਬਾਰਾ ਗੌਰ ਕਰ ਰਹੀ ਹੈ। ਇਨ੍ਹਾਂ ਸਰਗਰਮੀਆਂ ਦੀ ਤੇਜ਼ੀ ਉਦੋਂ ਹੋਰ ਵੀ ਮਹਿਸੂਸ ਹੋਈ ਜਦੋਂ ਕੇਂਦਰੀ ਊਰਜਾ ਮੰਤਰੀ ਪੀ. ਸ਼ਿਵ ਸ਼ੰਕਰ ਦਿੱਲੀ ਤੋਂ ਇਕ ਵਿਸ਼ੇਸ਼ ਜਹਾਜ਼ ਰਾਹੀਂ, ਗ੍ਰਹਿ ਵਜ਼ਾਰਤ ਦੇ ਵਿਸ਼ੇਸ਼ ਸਕੱਤਰ ਪ੍ਰੇਮ ਕੁਮਾਰ ਸਮੇਤ ਚੰਡੀਗੜ੍ਹ ਪਹੁੰਚੇ ਅਤੇ ਗਵਰਨਰ ਪਾਂਡੇ ਨਾਲ ਤਿੰਨ ਘੰਟੇ ਮੁਲਾਕਾਤਾ ਕਰਕੇਕੇ ਵਾਪਸ ਦਿੱਲੀ ਪਰਤ ਗਏ। ਓਧਰ ਸਾਬਕ ਮੁੱਖ ਮੰਤਰੀ ਦਰਬਾਰਾ ਸਿੰਘ ਨੇ ਸ੍ਰੀਮਤੀ ਗਾਂਧੀ ਨਾਲ ਦਿੱਲੀ ਵਿਚ ਲੰਮਾਂ ਵਿਚਾਰ ਵਟਾਂਦਰਾ ਕੀਤਾ ਅਤੇ ਅਖਬਾਰਾਂ ਵਿਚ ਇਹ ਖਬਰਾਂ ਛਪੀਆਂ ਕਿ ਪੰਜਾਬ ਮਸਲੇ ਬਾਰੇ ਫੈਸਲਾ ਕਰਨਾ ਹੈ ਸ੍ਰੀਮਤੀ ਗਾਂਧੀ ਨੇ ਤਿੰਨ ਆਗੂਆਂ ਦਰਬਾਰਾ ਸਿੰਘ, ਸਵਰਨ ਸਿੰਘ ਅਤੇ ਹਰਕਿਸ਼ਨ ਸਿੰਘ ਸੁਰਜੀਤ(ਮਾਰਕਸੀ) ਉਤੇ ਅਧਾਰਤ ਇਕ ਗੁਪਤ ਤਾਲਮੇਲ ਕਮੇਟੀ ਬਣਾਈ ਹੈ।

### ਸਰਕਾਰ ਬਣੇਗੀ ?

ਇਸ ਕਮੇਟੀ ਦੀ ਕਾਇਮੀ, ਸ਼ੰਕਰ ਦਾ ਚੰਡੀਗੜ੍ਹ ਆਉਣਾ, ਗਵਰਨਰ ਦੇ ਸਲਾਹਕਾਰਾਂ ਵਿਚ ਤਬਦੀਲੀਆਂ ਅਤੇ ਹੋਰ ਪ੍ਰਸਾਸ਼ਕ ਰਦੋਬਦਲ ਨੇ ਪੰਜਾਬ ਵਿਚ ਸਰਕਾਰ ਦੀ ਕਾਇਮੀ ਦੀਆਂ ਸੰਭਾਵਨਾਵਾਂ ਹੋਰ ਉਘਾੜ ਦਿਤੀਆਂ ਹਨ। ਰਾਜਨੀਤਕ ਪੰਡਤ ਪੰਡਤ ਇਨਾਂ ਸਰਗਰਮੀਆਂ ਨੂੰ ਇਸ ਕਰਕੇ ਵਧੇਰੇ ਮਹਤਵ ਦੇ ਰਹੇ ਹਨ ਕਿ ਸ੍ਰੀਮਤੀ ਇੰਦਰਾ ਗਾਂਧੀ ਦਰਬਾਰ ਸਾਹਿਬ ਵਿਚੋਂ ਦੋਸ਼ੀਆਂ ਨੂੰ ਫੜਨ ਲਈ, ਅਹਾਤੇ ਵਿਚ ਪੁਲਸ ਭੇਜਣ ਦੀ ਕਾਰਵਾਈ ਗਵਰਨਰੀ ਰਾਜ ਅਧੀਨ ਕਰਨ ਲਈ ਤਿਆਰ ਨਹੀਂ ਹੋਣਗੇ ਕਿਉਂਕਿ ਇਸ ਨਾਲ ਇਸ ਕਾਰਵਾਈ ਦੀ ਜ਼ਿੰਮੇਵਾਰੀ ਉਨ੍ਹਾਂ ਉਤੇ ਆਵੇਗੀ। ਭਾਵੇਂ ਉਹ ਖੁਦ ਵੀ ਦਰਬਾਰ ਸਾਹਿਬ ਵਿਚ ਪੁਲਸ ਭੇਜਣ ਲਈ ਰਾਜ਼ੀ ਹੋਣ ਪਰ ਇਸਦੀ ਸਿੱਖ ਜ਼ਿੰਮੇਵਾਰੀ ਉਹ ਕਦੇ ਨਹੀਂ ਲੈਣਗੇ। ਇਸ ਕੰਮ ਲਈ ਉਨ੍ਹਾਂ ਨੂੰ ਕਿਸੇ ਹੋਰ ਆਗੂ ਨੂੰ ਅਗੇ ਲਿਆਉਣਾ ਪਵੇਗਾ। ਇਸੇ ਵਿਚਾਰ ਨਾਲ ਹੀ ਉਹ ਪੰਜਾਬ ਵਿਚ ਨਵੀਂ ਸਰਕਾਰ ਦੀ ਕਾਇਮੀ ਲਈ ਵਿਚਾਰ ਕਰ ਰਹੇ ਹੋਣ। ਇਸਦਾ ਇਕ ਹੋਰ ਪਹਿਲੂ ਇਹ ਵੀ ਹੈ ਕਿ ਮੋਰਚਾ ਭਾਵੇਂ ਹੁਣ ਤੱਕ ਕਿੰਨਾ ਵੀ 'ਸ਼ਕਤੀਸ਼ਾਲੀ' ਢੰਗ ਨਾਲ ਚਲਦਾ ਰਿਹਾ ਹੋਵੇ ਪਰ ਸੰਵਿਧਾਨ ਦੀ ਧਾਰਾ-25 ਸਾੜ ਕੇ ਜਾਂ ਪਾੜ ਕੇ ਅਕਾਲੀ ਦਲ ਨੇ ਆਪਦੇ ਆਪ ਨੂੰ ਬਦਨਾਮ ਕਰ ਲਿਆ ਹੈ। ਸਾਰੀਆਂ ਵਿਰੋਧੀ ਪਾਰਟੀਆਂ ਦੀਆਂ ਅਪੀਲਾਂ ਦੀ ਪਰਵਾਹ ਨਾ ਕਰਦੇ ਹੋਏ ਦਲ ਦੇ ਆਗੂਆਂ ਨੇ ਇਹ 'ਕਾਰਨਾਮਾ' ਕਰ ਵਿਖਾਇਆ। ਇਸ ਕਾਰਨਾਮੇ ਇਸ ਕਾਰਨਾਮੇ ਨਾਲ ਦੇਸ ਦੇ ਸਧਾਰਨ ਸ਼ਹਿਰੀਵੀ ਦਲ ਦੇ ਆਗੂਆਂ ਨੂੰ 'ਦੇਸ ਧਰੋਹੀਆਂ' ਵਾਂਗ ਵੇਖਣ ਲਗ ਪਿਆ ਹੈ। ਅਕਾਲੀ ਦਲ ਦੇ ਅੰਦਰ ਵੀ ਇਸ ਕਾਰਨਾਮੇ ਸੰਬੰਧੀ ਫੈਸਲੇ ਦੇ ਸੁਆਲ ਉਤੇ ਕਾਫੀ ਖਿਚੋਤਾਣ ਰਹੀ ਹੈ ਅਤੇ ਇਸ ਕਾਰਨਾਮੇ ਪਿਛੋਂ ਹੋਰ ਤੇਜ਼ੀ ਨਾਲ ਵਧ ਰਹੀ ਹੈ। ਦਿੱਲੀ ਨੂੰ ਸੰਵਿਧਾਨ ਦੀ ਧਾਰਾ -25 ਸਾੜਨ ਜਾ ਰਹੀ ਟੀਮ ਵਿਚ ਅੰਤਮ ਵੇਲੇ ਤਬਦੀਲੀ ਕਰਕੇ ਸਾਬਕ ਵਿਤ ਮੰਤਰੀ ਬਲਵੰਤ ਸਿੰਘ ਦੀ ਥਾਂ ਬਲਵੰਤ ਸਿੰਘ ਰਾਮੂਵਾਲੀਆ ਨੂੰ ਪਾ ਦਿਤੇ ਜਾਣਾ ਦਲ ਦੀ ਇਸ ਅੰਦਰੂਨੀ ਖਿਚੋਤਾਣ ਦਾ ਮੋਟਾ ਜਿਹਾ ਪ੍ਰਮਾਣ ਹੈ। ਚਰਚਾ ਇਹ ਹੈ ਕਿ ਦਲ ਵਿਚਲਾ ਨਰਮ ਧੜਾ ਸੰਵਿਧਾਨ ਸਾੜੇ ਜਾਣ ਦੀ ਕਾਰਵਾਈ ਦੇ ਸਖਤ ਵਿਰੁੱਧ ਸੀ ਅਤੇ ਅੰਤਮ ਵੇਲੇ ਤੱਕ ਵੀ ਬਾਦਲ, ਬਲਵੰਤ, ਬਰਨਾਲਾ ਧੜੇ ਦੇ ਦਲ ਨੂੰ ਇਹ ਫੈਸਲਾ ਵਾਪਸ ਲੈਣ ਲਈ ਜ਼ੋਰ ਪਾਇਆ। 27 ਫਰਵਰੀ ਦੇ ਸੋਮਵਾਰ ਦਲ ਦੇ ਧੜਿਆਂ ਦਾ ਆਪਸੀ ਤਾਲਮੇਲ ਏਨਾ ਕੁ ਹੀ ਸੀ ਕਿ ਇਕੱਲੇ ਬਾਦਲ ਸਾਹਿਬ ਟਰੱਕ ਡਰਾਈਵਰ ਦੇ ਭੇਸ ਵਿਚ ਦਿੱਲੀ ਪਹੁੰਚ ਸਕੇ, ਦੂਸਰੇ ਦੋਹਾਂ ਮੈਂਬਰਾਂ ਨੇ ਇਹ ਕਾਰਵਾਈ ਚੰਡੀਗੜ੍ਹ ਵਿਚ ਹੀ ਚੀਫ ਕਮਿਸ਼ਨਰ ਦੇ ਦਫਤਰ ਸਾਹਮਣੇ ਸਿਰੇ ਚਾੜ ਦਿਤੀ। ਪੱਤਰਕਾਰਾਂ ਨਾਲ ਗਲਬਾਤ ਕਰਦਿਆਂ ਹੋਇਆਂ ਬਰਨਾਲ ਸਾਹਿਬ ਨੇ ਕਿਹਾ ਕਿ ਸੰਤ ਲੌਂਗੋਵਾਲ ਨੇ ਉਨ੍ਹਾਂ ਨੂੰ ਕਿਹਾ ਹੋਇਆ ਸੀ ਕਿ "ਜੇਕਰ ਤੁਹਾਨੂੰ ਦਿੱਲੀ ਤੱਕ ਨਾ ਪਹੁੰਚਣ ਦਿਤਾ ਤਾਂ ਤੁਸੀਂ ਜਿਥੇ ਹੋਵੋਂ ਉਥੇ ਹੀ ਕਾਰਵਾਈ ਕਰ ਦੇਣੀ।" ਪਰ ਨਾਲ ਹੀ ਉਨ੍ਹਾਂ ਇਹ ਕਿਹਾ ਕਿ ਦਿੱਲੀ ਪਹੁੰਚਣ ਦੀਆਂ ਖਬਰਾਂ ਤਾਂ ਭੁਲੇਖਾ ਪਾਉਣ ਲਈ ਦਿਤੀਆ ਗਈਆਂ ਸਨ ਪਰੋਗਰਾਮ ਤਾਂ ਇਕ ਦਿਨ ਪਹਿਲਾਂ ਹੀ ਬਦਲ ਕੇ ਦਿੱਲੀ ਦੀ ਥਾਂ ਚੰਡੀਗੜ੍ਹ ਦਾ ਕਰ ਲਿਆ ਗਿਆ ਸੀ। ਹੈਰਾਨ ਵਾਲੀ ਗੱਲ ਇਹ ਹੈ ਕਿ ਇਸ ਬਦਲੇ ਹੋਏ ਪਰੋਗਰਾਮ ਬਾਰੇ ਬਾਦਲ ਸਾਹਿਬ ਨੂੰ ਕੋਈ ਪਤਾ ਨਹੀਂ ਲੱਗਿਆ ਹਾਲਾਂ ਕਿ ਉਹ 26 ਦੀ ਰਾਤ ਨੂੰ ਲੁਧਿਆਣੇ ਤੁਰੇ ਸਨ - ਫੇਰ ਜਦੋਂ ਬਾਦਲ ਸਾਹਿਬ ਤੋਂ ਦਿੱਲੀ ਦੇ ਪੱਤਰਕਾਰਾਂ ਨੇ ਇਹ ਪੁਛਿਆ ਕਿ 'ਤੁਸੀਂ ਸੰਵਿਧਾਨ ਸਾੜ ਕੇ ਉਸਦਾ ਅਪਮਾਨ ਨਹੀਂ ਕਰ ਰਹੇ ਤਾਂ ਉਨ੍ਹਾਂ ਦਾ ਜੁਆਬ ਸੀ - ਉਹ ਤਾਂ ਪੰਥ ਵਲੋਂ ਹੋਏ ਹੁਕਮ ਦੀ ਪਾਲਣਾ ਕਰ ਰਹੇ ਹਨ - ਇਸਦਾ ਜੋ ਵੀ ਨਤੀਜਾ ਹੋਏਗਾ ਉਹ ਭੁਗਤਣ ਲਈ ਤਿਆਰ ਹੋਣਗੇ ....। ਇਸ ਸਾਰੀ ਸਥਿਤੀ ਵਿਚ ਧਾਰਾ-25 ਬਾਰੇ ਇਕ ਹੋਰ ਵਾਦ-ਵਿਵਾਦ ਖੜਾ ਹੋ ਗਿਆ। ਇਸਦਾ ਮੂਲ ਪ੍ਰਧਾਨ ਮੰਤਰੀ ਵਲੋਂ ਪਾਰਲੀਮੈਂਟ ਵਿਚ ਇਹ ਕਿਹਾ ਜਾਣਾ ਹੈ ਕਿ ਧਾਰਾ 25 ਨੂੰ ਸੰਵਿਧਾਨ ਵਿਚ 1949 ਵਿਚ ਮਾਸਟਰ ਤਾਰਾ ਸਿੰਘ (ਉਸ ਵੇਲੇ ਦੇ ਅਕਾਲੀ ਦਲ ਦੇ ਪ੍ਰਧਾਨ) ਦੇ ਕਹਿਣ ਉਤੇ ਹੀ ਸ਼ਾਮਲ ਕੀਤਾ ਗਿਆ ਸੀ। ਪ੍ਰਧਾਨ ਮੰਤਰੀ ਦੇ ਇਸ ਬਿਆਨ ਉਤੇ ਟਿੱਪਣੀ ਕਰਦਿਆਂ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਦੋਸ਼ ਲਾਇਆ ਹੈ ਕਿ ਪ੍ਰਧਾਨ ਮੰਤਰੀ ਲੋਕਾਂ ਨੂੰ ਗੁਮਰਾਹ ਕਰ ਰਹੇ ਹਨ ਧਾਰਾ 25 ਸੰਵਿਧਾਨ ਵਿਚ ਮਾਸਟਰ ਤਾਰਾ ਸਿੰਘ ਦੇ ਆਖੇ ਉਤੇ ਸ਼ਾਮਲ ਨਹੀਂ ਸੀ ਕੀਤੀ ਗਈ। ਇਹ ਵਾਦ ਵਿਵਾਦ ਏਨਾ ਵਧ ਗਿਆ ਹੈ ਕਿ ਇਕ ਤੋਂ ਬਾਅਦ ਦੂਸਰਾ ਬਿਆਨ ਇਸ ਇਤਿਹਾਸਕ ਤੱਥ ਨੂੰ ਸਾਬਤ ਕਰਨ ਜਾਂ ਇਸ ਨੂੰ ਤੋੜ ਮਰੋੜ ਕੇ ਪੇਸ਼ ਕਰਨ ਲਈ ਧੜਾ ਧੜ ਛਿਗ ਰਿਹਾ ਹੈ। ਪਾਰਲੀਮੈਂਟ ਵਿਚ ਇੰਕਾ ਦੇ ਉਪਨੇਤਾ ਡਾ: ਰਫੀਕ ਜ਼ਕਰੀਆ ਨੇ ਲੌਂਗੋਵਾਲ ਦੇ ਇਸ ਬਿਆਨ ਉਤੇ ਹੈਰਾਨੀ ਦਾ ਪ੍ਰਗਟਾਵਾ ਕੀਤਾ ਅਤੇ ਕਿਹਾ ਹੈ ਕਿ ਲੌਂਗੋਵਾਲ ਨੂੰ ਇਸ ਸਾਰੇ ਮਾਮਲੇ ਦੀ ਜਾਣਕਾਰੀ ਨਹੀਂ ਹੈ।

ਜ਼ਕਰੀਆ ਦਾ ਕਹਿਣਾ ਹੈ ਕਿ ਮਾਸਟਰ ਤਾਰਾ ਸਿੰਘ ਦੇ ਸਲਾਹਕਾਰ ਪਟੇਲ ਨਾਲ ਹੋਏ ਸਮਝੌਤੇ ਅਨੁਸਾਰ ਹੀ ਇਹ ਸਤਰਾਂ ਸੰਵਿਧਾਨ ਵਿਚ ਸ਼ਾਮਲ ਕੀਤੀਆਂ ਗਈਆਂ ਸਨ। ਇਹ ਗੱਲ ਸੱਚ ਹੈ ਕਿ ਜਦੋਂ ਸੰਵਿਧਾਨ ਵਿਚ ਕੀਤੀਆਂ ਗਈਆਂ ਸਨ। ਇਹ ਗੱਲ ਸੱਚ ਹੈ ਕਿ ਜਦੋਂ ਸੰਵਿਧਾਨ ਦੀ ਘਟ ਗਿਣਤੀਆਂ ਬਾਰੇ ਸਲਾਹਕਾਰ ਕਮੇਟੀ, ਜਿਸਦਾ ਚੇਅਰਮੈਨ ਸਰਦਾਰ ਪਟੇਲ ਸੀ ਅਤੇ ਮੈਂਬਰਾਂ ਵਿਚ ਸ਼ਾਮਲ ਸਨ, ਜਵਾਹਰ ਲਾਲ, ਡਾਕਟਰ ਰਾਜਿੰਦਰ ਪ੍ਰਸ਼ਾਦ, ਕੇ. ਐਮ. ਮੁਣਸ਼ੀ ਅਤੇ ਡਾ: ਬੀ. ਆਰ. ਅੰਬੇਦਕਰ ਵਲੋਂ ਵੱਖ ਬਾਰੇ ਸੁਝਾਵਾਂ ਉਤੇ ਗੌਰ ਕਰਕੇ ਅੰਤਮ ਫੈਸਲਾ ਕੀਤਾ ਜਾ ਰਿਹਾ ਸੀ ਤਾਂ, ਮਾਸਟਰ ਤਾਰਾ ਸਿੰਘ ਦੀ ਪ੍ਰਧਾਨਗੀ ਵਾਲੇ ਸ਼੍ਰੋਮਣੀ ਅਕਾਲੀ ਦਲ ਨੇ ਇਕ ਮੰਗ ਪੱਤਰ ਦੇ ਕੇ ਮੰਗ ਕੀਤੀ ਸੀ ਕਿ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਜਾਤਾਂ ਦੇ ਸਿੱਖਾਂ ਨੂੰ ਵੀ ਉਹ ਸਾਰੀਆਂ ਸਹੂਲਤਾਂ ਮੁਹਈਆ ਕੀਤੀਆਂ ਜਾਣੀਆਂ ਯਕੀਨੀ ਬਣਾਈਆਂ ਜਾਣ ਜਿਹੜੀਆਂ ਹੋਰ ਧਰਮਾਂ ਨਾਲ ਸਬੰਧਤ ਅਨੁਸੂਚਿਤ ਜਾਤਾਂ ਨੂੰ ਮਿਲਣੀਆਂ ਹਨ। ਇਥੇ ਵਰਨਣਯੋਗ ਗੱਲ ਇਹ ਹੈ ਕਿ ਇਸ ਕਮੇਟੀ ਨੇ ਦਲ ਦੇ ਇਸ ਮੰਗ ਪੱਤਰ ਨੂੰ ਰੱਦ ਕਰ ਦਿਤਾ ਸੀ ਪਰ ਇਸ ਤੋਂ ਕੁਝ ਹੀ ਸਮਾਂ ਬਾਅਦ ਦਸ ਮਈ 1949 ਨੂੰ ਪੂਰਬੀ ਪੰਜਾਬ ਦੀ ਵਿਧਾਨ ਸਭਾ ਵਿਚ ਕੁਝ ਮੈਂਬਰਾਂ ਨੇ, ਜਿਹੜੇ ਸਿਖ ਸਨ, ਅਤੇ ਸੰਵਿਧਾਨ ਅਸੰਬਲੀ ਦੇ ਮੈਂਬਰਾਂ ਵਿਚਾਲੇ ਇਕ ਵਿਸ਼ੇਸ਼ ਮੀਟਿੰਗ ਹੋਈ ਜਿਸ ਵਿਚ ਫੈਸਲਾ ਹੋਇਆ ਕਿ "ਸਿੱਖ ਪੂਰਬੀ ਪੰਜਾਬ ਵਿਚ ਆਪਣੀਆਂ ਹਿਚਕਚਾਹਟਾਂ ਤਿਆਗ ਦੇਣਗੇ ਜੇਕਰ ਹਿੰਦੂਆਂ ਅਤੇ ਸਿੱਖਾਂ ਦੀਆਂ ਅਨੁਸੂਚਿਤ ਜਾਤੀਆਂ ਨਾਲ ਇਕੋ ਜਿਹਾ ਵਰਤਾਓ ਕੀਤਾ ਜਾਵੇਗਾ ਅਤੇ ਉਨ੍ਹਾਂ ਦੀ ਜਨ-ਸੰਖਿਆ ਦੇ ਅਧਾਰ ਉਤੇ ਉਨ੍ਹਾਂ ਲਈ ਸੀਟਾਂ ਰਾਖਵੀਆਂ ਕਰ ਦਿਤੀਆਂ ਜਾਣਗੀਆਂ।। ਇਥੇ ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਦੇਸ਼ ਦੀ ਸਰਵਉਚ ਅਦਾਲਤ ਸੁਪਰੀਮ ਕੋਰਟ ਨੇ ਆਪਣੇ ਵੱਖ ਵੱਖ ਫੈਸਲਿਆਂ ਵਿਚ ਅਨੁਸੂਚਿਤ ਜਾਤੀਆਂ ਦੇ ਸਿੱਖਾਂ ਨੂੰ, ਹਿੰਦੂਆਂ ਦਾ ਇਕ ਹਿੱਸਾ ਹੋਣ ਦੇ ਅਧਾਰ ਉਤੇ ਹੀ ਪਛੜੀਆਂ ਸ਼੍ਰੇਣੀਆਂ ਵਿਚ ਸ਼ਾਮਲ ਕਰਨ ਨੂੰ ਹੱਕੀ ਠਹਿਰਾਇਆ। ਸ਼ੁਰੂ ਹੋਏ ਵਾਦ-ਵਿਵਾਦ ਵਿਚ ਸੰਤ ਲੌਂਗੋਵਾਲ ਦਾ ਨੁਕਤਾ ਇਹ ਹੈ ਕਿ ਪ੍ਰਧਾਨ ਮੰਤਰੀ ਨੇ ਮਾਸਟਰ ਤਾਰਾ ਸਿੰਘ ਦੇ ਜਿਸ ਅੰਦੋਲਨ ਦਾ ਜ਼ਿਕਰ ਕੀਤਾ ਹੈ ਉਹ ਧਾਰਾ 25 ਬਾਰੇ ਨਹੀਂ ਸੀ। ਇਹ ਗੱਲ ਠੀਕ ਹੈ ਇਹ ਅੰਦਲੋਨ ਧਾਰਾ 341 ਤਹਿਤ ਪਛੜੀਆਂ ਸ਼੍ਰੇਣੀਆਂ ਦੀ ਸੂਚੀ ਵਿਚ ਸਿੱਖਾਂ ਦੀਆਂ ਹੋਰ ਉਪ ਜਾਤਾਂ ਨੂੰ ਵੀ ਸ਼ਾਮਲ ਕਰਨ ਨਾਲ ਸਬੰਧ ਰਖਦਾ ਹੈ। ਪਰ ਇਹ ਗੱਲ ਵੀ ਠੀਕ ਹੈ ਕਿ ਪਹਿਲਾ ਫੈਸਲਾ ਅਨੁਸੂਚਿਤ ਜਾਤਾਂ ਦੇ ਸਿੱਖਾਂ ਨੂੰ ਦੂਸਰੇ ਧਰਮਾਂ ਦੇ ਬਰਾਬਰ ਸਮਝਣ ਨਾਲ ਸਬੰਧਤ ਸੀ। ਪਰ ਨਵੇਂ ਅੰਦੋਲਨ ਵਿਚ ਮਾਸਟਰ ਤਾਰਾ ਸਿੰਘ ਨੇ ਪਹਿਲੇ ਫੈਸਲੇ ਉਤੇ(ਧਾਰਾ-25) ਕੋਈ ਇਤਰਾਜ਼ ਨਹੀਂ ਸੀ ਕੀਤਾ ਅਤੇ ਇਹ ਵੀ ਤੱਥ ਹੈ ਕਿ 26 ਜਨਵਰੀ 1984, ਜਦੋਂ ਮੋਰਚੇ ਦਾ ਨਵਾਂ ਪ੍ਰੋਗਰਾਮ ਐਲਾਨ ਕੀਤਾ ਗਿਆ, ਤੋਂ ਪਹਿਲਾਂ ਵੀ ਧਾਰਾ -25 ਬਾਰੇ ਅਕਾਲੀ ਦਲ ਨੇ ਕਦੇ ਏਸ ਸ਼ਿਦਤ ਨਾਲ ਕੋਈ ਇਤਰਾਜ਼ ਨਹੀਂ ਸੀ ਉਠਾਇਆ ਜਿਸ ਨਾਲ ਹੁਣ ਉਠਾਇਆ ਹੈ। ਇਹ ਤਬਦੀਲੀ ਕਿਉਂ ? - ਸ਼ਾਇਦ ਅਕਾਲੀ ਦਲ ਇਹ ਸਮਝਦਾ ਹੈ ਕਿ ਮੰਗਾਂ ਦਾ ਖਿਲਾਰਾ ਪਾਉਣ ਨਾਲੋਂ ਇਕੋ ਮੰਗ ਉਤੇ ਸਾਰਾ ਮੋਰਚਾ ਇਕਾਗਰ ਕਰਨਾ ਵਧੇਰੇ ਲਾਹੇਵੰਦਾ ਹੈ ਤੇ ਸ਼ਾਇਦ ਅਕਾਲੀ ਦਲ ਨੂੰ ਮੁਢਲੇ ਤੌਰ ਉਤੇ ਅੰਦਰੋ ਅੰਦਰ ਇਹ ਆਸ ਬੱਝੀ ਸੀ ਕਿ ਪ੍ਰਧਾਨ ਮੰਤਰੀ ਉਨ੍ਹਾਂ ਦੀ ਧਾਰਾ 25 ਵਾਲੀ ਮੰਗ, ਜੇਕਰ ਉਹ ਚੁੱਕਣ ਤਾਂ ਮੰਨਣ ਲਈ ਤਿਆਰ ਹਨ ਕੇਂਦਰ ਵਲੋਂ ਅਜੇਹੇ ਸੰਕੇਤ ਆਏ ਵੀ ਸਨ - ਪਰ ਬਾਅਦ ਵਿਚ ਧਾਰਾ-25 ਬਾਰੇ ਕੇਂਦਰ ਸਰਕਾਰ ਦੇ ਮਾਹਿਰਾਂ ਵਲੋਂ ਘੋਖ ਕਰਨ ਉਤੇ ਇਹ ਸੋਧ ਆਈ ਕਿ ਇਸ ਧਾਰਾ ਵਿਚ ਸੋਧ ਕਰਨ ਦਾ ਦੂਰਗਸ ਅਰਥ ਕਿਸੇ ਫਿਰਕੇ ਦੇ ਲੋਕਾਂ ਨੂੰ ਏਨੇ ਵਿਸ਼ੇਸ਼ ਅਧਿਕਾਰ ਦੇ ਦੇਣਾ ਹੈ ਕਿ ਉਹ ਜਦੋਂ ਮਰਜ਼ੀ ਦੇਸ ਨਾਲੋਂ ਵੱਖਰੇ ਹੋਣ ਦਾ ਐਲਾਨ ਕਰ ਦੇਣ। ਦੂਸਰੇ ਪਾਸੇ ਸੰਵਿਧਾਨ ਦੀ ਧਾਰਾ ਦਾ ਅਪਮਾਨ ਕਰਨਾ, ਭਾਵੇਂ ਉਹ ਸਾਈਕਲੋਸਟਾਈਲ ਕਾਪੀਆਂ ਦਾ ਅਪਮਾਨ ਹੀ ਕਿਉਂ ਨਾ ਹੋਵੇ, ਜਿਸ ਬਾਰੇ ਕਿ ਅਕਾਲੀ ਦਲ ਦੇ ਕਾਨੂੰਨੀ ਸਲਾਹਕਾਰਾਂ ਨੇ ਉਨ੍ਹਾਂ ਨੂੰ ਗੁਮਰਾਹ ਕੀਤਾ ਜਾਪਦਾ ਹੈ ਕਿ ਸਾਈਕਲੋਸਟਾਈਲ ਕਾਪੀਆਂ ਸਾੜਨ ਜਾਂ ਪਾੜਨ ਦਾ ਜੁਰਮ ਓਨਾ ਨਹੀਂ ਹੈ

(ਬਾਕੀ ਪੰਨਾ/5'ਤੇ)




JIM PATTISON
ON MAIN
SERVICE AFTER SALE

1984 ਦੀਆਂ ਨਵੀਆਂ ਕੇਡਲਿਕ ਖਰੀਦੋ

ਨਵੀਆਂ ਅਤੇ ਪੁਰਾਣੀਆਂ ਕਾਰਾਂ, ਸਟੇਸ਼ਨ ਵੈਗਨਾਂ, ਟਰੱਕ, ਵੈਨਾਂ ਅਤੇ 4x4 ਜ਼ਿਮੀ ਲੈਣ ਲਈ ਤੁਹਾਡੇ ਜਾਣੇ ਪਹਿਚਾਣੇ ਸੇਲਜ਼ਮੈਨ ਨੂੰ ਮਿਲੋ ਜਾਂ ਫੋਨ ਕਰੋ

GM

PARLAD GILL



BUS 879-4233 3434 MAIN ST. VANCOUVER, B.C. RES. 435-1834

# ਭਾਰਤ ਦਰਪਣ

## ਗਵਰਨਰਾਂ ਦੀਆਂ ਤਬਦੀਲੀਆਂ

ਨਵੀਂ ਦਿੱਲੀ — ਜੰਮੂ ਕਸ਼ਮੀਰ ਦੇ ਗਵਰਨਰ ਸ੍ਰੀ ਬੀ. ਕੇ. ਨਹਿਰੂ ਨੂੰ ਤਬਦੀਲ ਕਰਕੇ ਗੁਜਰਾਤ ਦਾ ਗਵਰਨਰ ਬਣਾ ਦਿਤਾ ਗਿਆ ਹੈ ਜਦਕਿ ਦਿੱਲੀ ਦੇ ਲੈਫਟੀਨੈਂਟ ਗਵਰਨਰ ਸ੍ਰੀ ਜਗਮੋਹਨ ਨੂੰ ਉਨ੍ਹਾਂ ਦੀ ਥਾਂ ਜੰਮੂ ਕਸ਼ਮੀਰ ਦਾ ਗਵਰਨਰ ਨਿਯੁਕਤ ਕਰ ਦਿਤਾ ਗਿਆ ਹੈ।

ਸਾਡੇ ਪੱਤਰ ਪਰੇਰਕ ਅਨੁਸਾਰ ਇਸ ਤਬਦੀਲੀ ਦਾ ਮੁੱਖ ਕਾਰਨ ਇਹ ਦੱਸਿਆ ਗਿਆ ਹੈ ਕਿ ਸ੍ਰੀ ਜਗਮੋਹਨ ਜੰਮੂ ਕਸ਼ਮੀਰ ਦੇ ਗਵਰਨਰ ਇਸ ਲਈ ਬਣਾਏ ਗਏ ਹਨ ਤਾਂਕਿ ਡਾ: ਫਾਰੂਕ ਅਬਦੁੱਲਾ ਦੀ ਨੈਸ਼ਨਲ ਕਾਨਫਰੰਸ ਦੀ ਸਰਕਾਰ ਨੂੰ ਤੋੜਿਆ ਜਾ ਸਕੇ। ਕੇਂਦਰ ਸਰਕਾਰ ਪਿਛਲੇ ਕਾਫੀ ਅਰਸੇ ਤੋਂ ਫਾਰੂਕ ਅਬਦੁੱਲਾ ਨਾਲ ਨਾਖੁਸ਼ ਹੈ। ਕਿਉਂਕਿ ਉਨ੍ਹਾਂ ਅਨੁਸਾਰ ਫਾਰੂਕ ਅਬਦੁੱਲਾ ਅਤਿਵਾਦੀਆਂ ਨਾਲ ਨਜਿੱਠਣ ਲਈ ਸਖਤ ਕਦਮ ਨਹੀਂ ਚੁਕ ਰਹੇ।

ਆਸਾਮ ਦਾ ਗਵਰਨਰ ਵੀ ਬਦਲ ਦਿਤਾ ਗਿਆ ਹੈ ਤੇ ਉਸਨੂੰ ਲੰਡਨ ਵਿਚ ਹਾਈ ਕਮਿਸ਼ਨਰ ਬਣਾ ਦਿਤਾ ਗਿਆ ਹੈ। ਸ਼ੰਕਰ ਦਿਆਲ ਆਸਾਮ ਦੇ ਗਵਰਨਰ ਨਿਯੁਕਤ ਕਰ ਦਿਤੇ ਗਏ ਹਨ।

## ਹਿੰਦੂਆਂ ਦੇ ਕਾਤਲ ਸਿਖਾਂ ਨੂੰ ਪੰਥ 'ਚੋਂ ਕੱਢਣ ਦੀ ਮੰਗ

ਮੇਰਠ — ਉਤਰ ਪ੍ਰਦੇਸ਼ ਸਿੱਖ ਪ੍ਰਤੀਨਿਧ ਬੋਰਡ ਨੇ ਅਕਾਲ ਤਖਤ ਦੇ ਜਥੇਦਾਰ ਸਰਦਾਰ ਕਿਰਪਾਲ ਸਿੰਘ ਨੂੰ ਅਪੀਲ ਕੀਤੀ ਹੈ ਕਿ ਉਹ ਹੁਕਮਨਾਮਾ ਜਾਰੀ ਕਰਨ ਕਿ ਜੋ ਸਿੱਖ ਕਿਸੇ ਹਿੰਦੂ ਦਾ ਕਤਲ ਕਰੇਗਾ ਜਾਂ ਉਸ ਉਤੇ ਹਮਲਾ ਕਰੇਗਾ ਉਸਨੂੰ ਸਿੱਖ ਧਰਮ ਵਿਚੋਂ ਕਢ ਦਿਤਾ ਜਾਏਗਾ।

ਸ੍ਰੀ ਗੁਰੂ ਸਿੰਘ ਸਭਾ ਦੀ ਸੰਗਤ ਨੂੰ ਸੰਬੋਧਨ ਕਰਦੇ ਹੋਏ ਉੱਤਰ ਪ੍ਰਦੇਸ਼ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਤੇ ਲੋਕ ਦਲ ਦੇ ਵਿਧਾਇਕ ਸਰਦਾਰ ਤੀਰਥ ਸਿੰਘ ਨੇ ਇਹ ਜਾਣਕਾਰੀ ਦਿਤੀ।

ਉਨ੍ਹਾਂ ਨੇ ਕਿਹਾ ਕਿ ਪੰਜਾਬ ਦੇ ਨਾਲ ਪੂਰੇ ਪੂਰੇ ਦੇਸ਼ ਵਿਚ ਹੀ ਏਕਤਾ ਦੀ ਜਰੂਰਤ ਹੈ। ਪੰਜਾਬ ਦੀ ਸਥਿਤੀ ਨਾਲ ਮੁੱਠੀ ਭਰ ਲੋਕ ਲਾਭ ਉਠਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਕੁਝ ਲੋਕਾਂ ਦੇ ਕਾਰਨ ਪੂਰੇ ਦੇਸ਼ ਦਾ ਵਾਤਾਵਰਨ ਹੀ ਦੂਸ਼ਤ ਹੋ ਜਾਏਗਾ।

## ਬੱਚੇ ਚੁੱਕਣ ਵਾਲਾ ਸਾਧੂ ਗ੍ਰਿਫਤਾਰ

ਜਗਰਾਉਂ — ਇਥੋਂ ਅੱਠ ਮੀਲ ਦੂਰ ਥਾਣਾ ਸਿਧਵਾਂਬੇਟ ਦੀ ਪੁਲੀਸ ਨੇ ਇਕ ਤੇਜਾ ਨਾਂਓ ਦੇ ਸਾਧੂ ਨੂੰ ਬੱਚਾ ਚੁਕੱਣ ਦੇ ਦੋਸ਼ ਅਧੀਨ ਗ੍ਰਿਫਤਾਰ ਕੀਤਾ ਹੈ — ਦਸਿਆ ਜਾਂਦਾ ਹੈ ਕਿ ਉਕਤ ਦੋਸ਼ੀ ਜਗਰਾਓਂ ਦੇ ਅਗਵਾੜ ਖਾਜਾਬਾਜੂ ਦਾ ਵਸਨੀਕ ਹੈ ਤੇ ਇਕ ਬੱਚੇ ਸਮੇਤ ਪਿੰਡ ਜੰਡੀ ਤੋਂ ਪੁਲੀਸ ਨੇ ਬਰਾਮਦ ਕਰਕੇ ਉਸ ਤੋਂ ਪੁੱਛ ਗਿੱਛ ਸ਼ੁਰੂ ਕਰ ਦਿਤੀ ਹੈ।

## ਸਕੈਂਡਲ ਦੀ ਜਾਂਚ ਸੀ.ਬੀ.ਆਈ. ਕਰੇ

ਫਿਲੌਰ — ਸਰਬ ਭਾਰਤ ਨੌਜਵਾਨ ਸਭਾ ਦੀ ਪੰਜਾਬੀ ਸ਼ਾਖਾ ਦੇ ਸਾਬਕ ਪਰਧਾਨ ਕਾ:ਅਜੀਤ ਸਿੰਘ ਬਾਸੀ ਐਡਵੋਕੇਟ ਨੇ ਪੰਜਾਬ ਦੇ ਗਵਰਨਰ ਤੋਂ ਮੰਗ ਕੀਤੀ ਹੈ ਕਿ ਕੇ.ਐਮ.ਵੀ. ਕਾਲਜ ਦੀਆਂ ਗੁਮਸ਼ੁਦਾ ਲੜਕੀਆਂ ਭਾਂਵੇਂ ਮਿਲ ਗਈਆਂ ਹਨ ਪਰ ਕਾਲਜ ਦਾ ਹੋਸਟਲ ਇਕ ਵੱਡੇ ਸਕੈਂਡਲ ਦਾ ਅੱਡਾ ਹੈ। ਇਸ ਸਕੈਂਡਲ ਵਿਚ ਕਈ ਲੀਡਰ, ਪੰਜਾਬ ਪੁਲੀਸ ਦੇ ਵੱਡੇ ਅਧਿਕਾਰੀ ਕੌਮਾਂਤਰੀ ਸਮਗਲਰ ਤੇ ਡੁੱਬਈ ਦਾ ਇਕ ਸ਼ੇਖ ਸ਼ਾਮਲ ਹੈ। ਇਸ ਲਈ ਤਥਾਂ ਦਾ ਠੀਕ ਪਤਾ ਲਾਉਣ ਲਈ ਇਸ ਸਕੈਂਡਲ ਦੀ ਤਫਤੀਸ਼ ਸੀ.ਬੀ.ਆਈ. ਦੇ ਹਵਾਲੇ ਕੀਤੀ ਜਾਵੇ।

ਉਕਤ ਸ਼ੇਖ ਜਲੰਧਰ ਦੇ ਲਾਗਲੇ ਇਕ ਪਿੰਡ ਵਿਚ ਆਉਂਦਾ ਰਿਹਾ ਹੈ। ਜਿਥੋਂ ਦੇ ਕੌਮਾਂਤਰੀ ਸਮਗਲਰ ਹਨ। ਇਸ ਪਿੰਡ ਵਿਚ ਕਥਿਤ ਸਮਗਲਰਾਂ ਨੇ ਇਕ ਟੂਰਨਾਮੈਂਟ ਕਰਵਾਇਆ ਤੇ ਇਨਾਮ ਵੰਡ ਸਮਾਰੋਹ ਵਿਚ ਇਕ ਵੱਡੇ ਪੁਲੀਸ ਅਧਿਕਾਰੀ ਨੇ ਹਿਸਾ ਲਿਆ। ਇਸ ਮੌਕੇ ਤੇ ਡੁੱਬਈ ਦਾ ਇਕ ਸ਼ੇਖ ਵੀ ਹਾਜ਼ਰ ਸੀ। ਜੇਤੂਆਂ ਨੂੰ ਇਕ ਇਕ ਤੋਲੇ ਦੇ ਸੋਨੇ ਦੇ ਤਗਮੇਦਿਤੇ ਗਏ।

## ਨੰਗੇ ਪੈਰੀਂ ਰਹਿਣ ਦਾ ਫੈਸਲਾ

ਸਿਰਸਾ — ਪੰਜਾਬ ਵਿਚ ਬੇਗੁਨਾਹ ਲੋਕਾਂ ਦੇ ਹੋ ਰਹੇ ਕਤਲਾਂ ਵਿਰੁਧ ਰੋਸ ਪ੍ਰਗਟ ਕਰਨ ਲਈ ਇਥੋਂ ਦੇ ਇਕ ਵਕੀਲ ਨੇ ਉਦੋਂ ਤਕ ਪੈਰਾਂ ਵਿਚ ਜੁੱਤੀ ਨਾ ਪਾਉਣ ਦਾ ਪ੍ਰਣ ਲਿਆ ਹੈ ਜਦੋਂ ਤਕ ਪੰਜਾਬ ਵਿਚ ਸ਼ਾਂਤੀ ਨਹੀਂ ਹੋ ਜਾਂਦੀ।

ਇਹ ਪ੍ਰਣ ਬੀਤੇ ਦਿਨ ਇਥੇ ਜ਼ਿਲਾ ਬਾਰ ਐਸੋਸੀਏਸ਼ਨ ਦੀ ਹੋਈ ਇਕ ਮੀਟਿੰਗ ਵਿਚ ਲਿਆ ਗਿਆ

## ਸਿੱਖ ਫੈਡਰੇਸ਼ਨ ਵਲੋਂ ਹੋਰ ਧਮਕੀ

ਅੰਮ੍ਰਿਤਸਰ — ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਭਾਈ ਅਮਰੀਕ ਸਿੰਘ ਨੇ ਸਰਕਾਰ ਨੂੰ ਚਿਤਾਵਨੀ ਦਿਤੀ ਹੈ ਕਿ ਫੈਡਰੇਸ਼ਨ ਦੇ ਵਰਕਰਾਂ ਦੀਆਂ ਗ੍ਰਿਫਤਾਰੀਆਂ ਬੰਦ ਨਾ ਕੀਤੀਆਂ ਅਤੇ ਵਰਕਰ ਜਲਦੀ ਰਿਹਾ ਨਾਂ ਕੀਤੇ ਤਾਂ ਇਸਦੀ ਢੁਕਵੀਂ ਜਵਾਬੀ ਕਾਰਵਾਈ ਕੀਤੀ ਜਾਵੇਗੀ।

ਫੈਡਰੇਸ਼ਨ ਦੇ ਪ੍ਰਧਾਨ ਨੇ ਦੋਸ਼ ਲਾਇਆ ਕਿ ਸਰਕਾਰ ਫੈਡਰੇਸ਼ਨ ਵਰਕਰਾਂ ਨੂੰ ਝੂਠੇ ਕੇਸਾਂ ਵਿਚ ਫਸਾਣਾ ਚਾਹੁੰਦੀ ਹੈ।

## ਗੋਦੀ ਮਜ਼ਦੂਰਾਂ ਦੀ ਹੜਤਾਲ ਗੰਭੀਰ ਰੂਪ ਧਾਰਨ ਕਰ ਗਈ

ਬੰਬਈ — ਗੋਦੀ ਮਜ਼ਦੂਰਾਂ ਦੀ ਹੜਤਾਲ ਕਾਰਨ ਭਾਰਤ ਦੀਆਂ ਸਾਰੀਆਂ ਬੰਦਰਗਾਹਾਂ ਹੜਤਾਲ ਕਾਰਨ ਬੰਦ ਹਨ। ਪਿਛਲੇ ਦਿਨ ਪੁਲਸ ਨਾਲ ਟੱਕਰ ਸਮੇਂ 100 ਤੋਂ ਵੱਧ ਮਜ਼ਦੂਰ ਗੋਲੀ ਨਾਲ ਹਲਾਕ ਹੋਣ ਦੀਆਂ ਖਬਰਾਂ ਹਨ। ਅਪੁਸ਼ਟ ਖਬਰਾਂ ਅਨੁਸਾਰ ਇਨ੍ਹਾਂ ਮੌਤਾਂ ਦੀ ਗਿਣਤੀ 300 ਤੋਂ ਵੱਧ ਦੱਸੀ ਗਈ ਹੈ। ਭੜਕੀ ਹੋਈ ਭੀੜ ਨੇ ਪਹਿਲਾਂ 4 ਪੁਲਸ ਅਧਿਕਾਰੀ ਮਾਰ ਦਿਤੇ ਸਨ ਅਤੇ ਭੂਤਰੀ ਹੋਈ ਪੁਲਸ ਨੇ ਅੰਨ੍ਹੇ ਵਾਹ ਗੋਲੀ ਚਲਾਈ।

ਕੁਝ ਖਬਰਾਂ ਅਨੁਸਾਰ ਹਲਾਕ ਵਿਅਕਤੀਆਂ ਦੀਆਂ ਲਾਸ਼ਾਂ ਸਮੁੰਦਰ ਵਿਚ ਸੁੱਟ ਦਿਤੀਆਂ ਗਈਆਂ। ਹੜਤਾਲ ਕਾਰਨ ਭਾਰਤ ਦੀਆਂ ਦਸ ਬੰਦਰਗਾਹਾਂ ਬਿਲਕੁਲ ਬੰਦ ਹਨ। ਪਿਛਲੇ ਦਿਨ ਸਬੰਧਤ ਮੰਤਰੀ ਸ੍ਰੀ ਵਿਜੇ ਭਾਸਕਰ ਨੇ ਲੋਕ ਸਭਾ ਵਿਚ ਕਿਹਾ ਕਿ ਸਰਕਾਰ ਮਜ਼ਦੂਰਾਂ ਨਾਲ ਗਲਬਾਤ ਆਰੰਭ ਕਰ ਰਹੀ ਹੈ।

## ਫੈਡਰੇਸ਼ਨ ਦੀਆਂ ਕਾਰ-ਵਾਈਆਂ ਬਾਰੇ ਜੱਜ ਨਿਯੁਕਤ

ਚੰਡੀਗੜ੍ਹ — ਪੰਜਾਬ ਸਰਕਾਰ ਵਲੋਂ ਛੇਤੀ ਹੀ ਕਿਸੇ ਹਾਈਕੋਰਟ ਦੇ ਜੱਜ ਦੀ ਨਿਯੁਕਤੀ ਹੋਣ ਦੀ ਸੰਭਾਵਨਾ ਹੈ ਜੋ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਉਤੇ ਲਾਈ ਗਈ ਪਾਬੰਦੀ ਅਤੇ ਇਸ ਦੀਆਂ ਕਾਰਵਾਈਆਂ ਦਾ ਸਰਵੇਖਣ ਕਰੇਗਾ। ਪਿਛਲੇ ਸਾਲ ਵਿਚ ਮੋਰਚੇ ਦੌਰਾਨ 165 ਵਿਅਕਤੀ ਮਾਰੇ ਗਏ ਹਨ। 22 ਪੁਲਸ ਅਧਿਕਾਰੀ ਕਤਲ ਹੋਏ ਹਨ। ਇਨ੍ਹਾਂ ਵਿਚ ਉਹ ਵਿਅਕਤੀ ਸ਼ਾਮਲ ਨਹੀਂ ਹਨ ਜੋ ਕਥਿਤ 'ਪੁਲਸ ਮੁਕਾਬਲਿਆਂ' ਵਿਚ ਮਾਰੇ ਗਏ।

## ਬੰਗਲਾ ਸਾਹਿਬ ਦੀ ਆਮਦਨ ਘਟੀ

ਨਵੀਂ ਦਿੱਲੀ — ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਬੰਸ ਸਿੰਘ ਮਨਚੰਦਾ ਨੇ ਕਿਹਾ ਹੈ ਕਿ ਜਦ ਤੋਂ ਵਿਧਾਨ ਦੀ ਧਾਰਾ 25 ਨੂੰ ਸਾੜਨਾ ਸ਼ੁਰੂ ਕੀਤਾ ਗਿਆ ਹੈ, ਉਦੋਂ ਤੋਂ ਦੂਜੇ ਫਿਰਕਿਆਂ ਦੇ ਲੋਕ ਬੰਗਲਾ ਸਾਹਿਬ ਆਉਣੇ ਬੰਦੇ ਹੋ ਗਏ ਹਨ ਜਿਸ ਕਾਰਨ ਗੁਰਦੁਆਰੇ ਦੀ ਆਮਦਨ ਵਿਚ ਕਮੀ ਹੋ ਗਈ ਹੈ। ਦਿੱਲੀ ਦੇ ਗੁਰਦੁਆਰਿਆਂ ਵਿਚ ਚੜ੍ਹਾਵੇ ਕਾਰਨ ਤਿੰਨ ਕਰੋੜ ਰੁਪਏ ਦੀ ਆਮਦਨ ਪ੍ਰਬੰਧਕ ਕਮੇਟੀ ਨੂੰ ਇਕ ਸਾਲ ਵਿਚ ਹੁੰਦੀ ਹੈ, ਜੋ ਇਸ ਵਾਰ ਕਾਫੀ ਘੱਟ ਗਈ ਹੈ।

## ਦਰਬਾਰ ਸਾਹਿਬ ਦੀ ਆਮਦਨ 25 ਲੱਖ ਘਟੀ

ਸਾਡੇ ਪੱਤਰਪਰੇਰਕ ਅਨੁਸਾਰ ਅੰਮ੍ਰਿਤਸਰ ਵਿਚ ਦਰਬਾਰ ਸਾਹਿਬ ਦੀ ਆਮਦਨ ਇਸ ਸਾਲ 25 ਲੱਖ ਰੁਪਏ ਘਟੀ ਹੈ। ਇਸ ਤੋਂ ਇਹ ਅੰਦਾਜ਼ਾ ਲਾਇਆ ਜਾ ਰਿਹਾ ਹੈ ਕਿ ਦਰਬਾਰ ਸਾਹਿਬ ਅੰਦਰ ਹਥਿਆਰਬੰਦ ਵਿਅਕਤੀਆਂ ਦੀ ਖੁਲ੍ਹੀ ਆਵਾਜਾਈ ਕਾਰਨ ਆਮ ਲੋਕ ਭੈਅ ਖਾਂਦੇ ਹਨ।

## ਫੀਰੋਜ਼ਪੁਰ ਵਿਚ ਘੜੀ ਤੇ ਛਾਪਾਂ ਖੋਹ ਲਈਆਂ

ਪਿਛਲੇ ਦਿਨ ਸੇਠੀ ਕੋਲਡ ਸਟੋਰਜ਼ ਦੇ ਮਾਲਕ ਇੰਦਰਜੀਤ ਸੇਠੀ ਤੇ ਹਮਲਾ ਕਰਕੇ ਕੁਝ ਵਿਅਕਤੀਆਂ ਨੇ ਉਸਦੀ ਘੜੀ, ਦੋ ਛਾਪਾਂ ਅਤੇ 900 ਰੁਪਏ ਖੋਹ ਲਏ। ਸੇਠੀ ਦੀ ਕਾਰ ਰੋਕ ਕੇ ਇਹ ਖੋਹ ਕੀਤੀ ਗਈ। ਲੁਟਣ ਪਿਛੋਂ ਵਿਅਕਤੀ ਦੌੜ ਗਏ।




General Tours and Travel Service

LOW LOW RATES TO : India, Pakistan, Bangladesh & Ceylon on Air India, Pakistan Airlines, Kuwait , Air France, KLM Or Any Airline of your choice.



ASHOK PURI

261 KENNEDY STREET, WINNIPEG, MANITOBA, R3C 1T2

Ph. [204]943-0596

SWANSON Walls & Floors LTD.

33212 First Ave., Mission Phone 826-5511



ਸਵੈਨਸਨ

ਵਾਲਜ਼ ਐਂਡ ਫਲੋਰਜ਼(ਲਿ:)

ਸ਼ੀਟ ਵੀਨਾਇਲ(ਪੇਪਰ) $3.99 (ਇਕ ਗਜ਼)
Sheet Vinyl (Paper)

ਬੈੱਡਰੂਮ ਅਤੇ ਬੇਸਮੈਂਟ ਰੂਮ ਕਾਰਪਿਟ $5.45 (ਇਕ ਗਜ਼)
Bedroom & Basement Room Carpet

ਇਨ ਡੋਰ/ਆਊਟ ਡੋਰ ਲੇਟੈਕਸ ਚਿੱਟਾ ਪੇਂਟ ਫਲੈਟ $12.99 (4 ਲਿਟਰ)
Indoor/Outdoor Latex White Paint Flat

ਵਾਲ ਮਿਊਰਲਜ਼ (8 ਫ਼ੁੱਟ x 11 ਫ਼ੁੱਟ) $29.00 (ਇਕ) (ਰੈਗੂਲਰ $98.00)
Wall Murals



ਕਸਟਮ ਡਰੇਪਸ ਤੇ ਕੀਮਤਾਂ ਵਿਚ ਭਾਰੀ ਕਟੌਤੀ
Save on Custom Drapes 30% - 60%

ਡਰੇਪਸ ਤੇ ਕਾਰਪੈਟ ਲਈ ਐਸਟੀਮੇਟ ਫ਼ਰੀ

ਜੈਨਟ ਨੂੰ ਫ਼ੋਨ ਕਰੋ

(ਪੰਨਾ 5 ਦੀ ਬਾਕੀ)

ਕਰਦੀ ਰਹਿੰਦੀ ਹੈ ਤੇ ਸੇਵਾ ਵੀ ਬੜੀ ਲਗਨ ਨਾਲ। ਖਾਣ ਪੀਣ(ਸ਼ਰਾਬ-ਤਮਾਕੂੰ ਆਦਿ) ਤੁਹਾਨੂੰ ਪਤਾ ਇਹ ਮਾੜੀਆਂ ਆਦਤਾਂ ਹਨ ਤੇ ਇਨ੍ਹਾਂ ਦਾ ਤੁਹਾਡੇ ਦਿਲ ਤੇ ਬੜਾ ਬੁਰਾ ਅਸਰ ਪੈਂਦਾ, ਕਿਉਂ ਜੋ ਇਹ ਇਹਨੂੰ ਸੁਖਾਂਦੀਆਂ ਨਹੀਂ; ਇਹਨੂੰ ਮਾਫਕ ਨਹੀਂ ਆਉਂਦੀਆਂ, ਪਰ ਆਪਣੀ ਜੀਭ-ਸੁਆਦ ਸਦਕਾ, ਤੁਸੀਂ ਏਨੀ ਕੀਮਤੀ ਤੇ ਪਵਿਤਰ ਚੀਜ਼ ਵਲੋਂ ਬਿਲਕੁਲ ਅਵੇਸਲੇ ਰਹਿੰਦੇ ਹੋ ਤੇ ਓਦੋਂ ਤਕ ਇਹਦੇ ਨਾਲ ਧੱਕਾ ਕਰੀ ਹੀ ਜਾਂਦੇ ਹੋ ਜਦ ਤਕ ਦੋ ਸ਼ਾਬਲਾਂ-ਸਨੋ ਹਟਾਉਣ ਲਗਿਆਂ ਤੁਹਾਨੂੰ ਕੱਚੀਆਂ ਤਰੇਲੀਆਂ ਨਹੀਂ ਆਉਂਦੀਆਂ।

ਪੇਟੂ ਇਨਸਾਨ ਅਮੂਮਨ ਆਪਣਾ ਸਰੀਰਕ ਚੈਕ-ਅੱਪ ਵੀ ਘੱਟ ਹੀ ਕਰਵਾਇਆ ਕਰਦੇ ਹਨ ਤੇ ਡਾਕਟਰ ਦੇ ਮਾੜਾ-ਮੋਟਾ ਦੱਸਣ ਬਾਰੇ ਵੀ ਘਰ ਦੱਸਣ ਤੋਂ ਗੁਰੇਜ਼ ਅਥਵਾ ਲਕੋ ਹੀ ਰਖਿਆ ਕਰਦੇ ਹਨ ਤਾਂ ਕਿ ਖਤਰੇ ਦੀ ਝੰਡੀ ਕਾਰਨ ਘਰ ਵਾਲੇ ਕੁਝ ਗਲਤ ਖਾਣ-ਪੀਣ ਤੋਂ ਹੋੜਨ ਨਾ ਲਗ ਜਾਣ ਤੇ ਕਿਤੇ ਜੀਭ ਦਾ ਕੋਈ ਸਵਾਦ ਤਿਆਗਣਾ ਹੀ ਨਾ ਪੈ ਜਾਵੇ। ਤੜਕਿਆਂ ਛਮਕਿਆਂ ਦੇ ਖਰਚ, ਸ਼ਰਾਬ ਤਮਾਕੂੰ ਤੇ ਡਾਕਟਰੀ ਦਵਾਈਆਂ ਦੇ ਖਰਚ ਤੇ ਲੱਤਾਂ ਦੇ ਹਰ ਵੇਲੇ 20-50 ਪੌਂਡ ਭਾਰ ਚੁਕੀ ਫਿਰਨ ਦੀ ਖੇਚਲ ਦੇ ਮੁਕਾਬਲੇ ਸਾਦਾ ਖੁਰਾਕ ਤੇ ਕਸਰਤ ਉਪਰੰਤ ਮਾਨਸਿਕ ਖੁਸ਼ੀ ਨੂੰ ਅਨੁਭਵ ਕਰਨ ਵਾਲਾ ਇਨਸਾਨ, ਛੇਤੀ ਹੀ ਵਾਧ-ਘਾਟ ਦੇ ਨਤੀਜੇ ਤੇ ਪੁਜ, ਆਪਣੇ ਆਪ ਨੂੰ ਟਿਕਾਣੇ ਕਰ ਸਕਦਾ ਹੈ। ਖੁਰਾਕ ਓਨੀ ਖਾਓ, ਜਿੰਨੀ ਤੁਹਾਡਾ ਸਰੀਰ ਅੰਦਰ ਬਾਲ ਕਨਜ਼ੀਊਮ ਕਰ ਸਕਦਾ ਹੈ, ਕਿਉਂ ਜੋ ਵਰਤਣ ਤੋਂ ਵਾਧੂ ਨੇ ਤਾਂ ਚਰਬੀ ਜਾਂ ਕਾਰਬਨ ਬਣਕੇ ਨਾੜਾ-ਜੋੜਾਂ ਵਿਚ ਸੈਟ(ਜੰਮਣਾ) ਹੀ ਹੋਣਾ ਹੈ ਤੇ ਤਹਾਡੇ ਲਈ ਬਿਪਤਾ ਬਣਨਾ ਹੈ।

ਮਨੁਖ ਤੇ ਬਣਿਆ ਹੀ ਕੰਮ ਲਈ ਹੈ ਤੇ ਕੰਮ ਵੀ ਸਖਤ ਮੁਸ਼ੱਕਤ ਵਾਲੇ ਤੇ ਇਹਦਾ ਕਦੀ ਕਿਸੇ ਨੂੰ ਨੁਕਸਾਨ ਨਹੀਂ ਹੁੰਦਾ ਤੇ ਇਹਦੇ ਵਿਚ ਸਰੀਰਕ ਤੇ ਦਿਮਾਗੀ ਦੋਵੇਂ ਪ੍ਰਕਾਰ ਦੇ ਕੰਮ ਸ਼ਾਮਿਲ ਹਨ ਅਤੇ ਇਨਸਾਨੀ ਦਿਲ ਲਈ ਬਹੁਤ ਲਾਭਦਾਇਕ ਹਨ।

ਅਲੈਗਜ਼ੈਂਡਰ ਪੋਪ ਕਹਿੰਦਾ ਹੈ, "ਆਪਣੇ ਬਾਰੇ ਆਪ ਜਾਣੋਂ, ਰੱਬ ਨੂੰ ਧਿਆਨ ਲਈ ਜਾਚਣ ਲਈ ਨਾ ਮਿਥੋ, ਕਿਉਂ ਜੋ ਮਨੁਖਤਾ ਬਾਰੇ ਯੋਗ ਜਾਂਚ ਮਨੁਖ ਹੀ ਕਰ ਸਕਦਾ ਹੈ।"

ਸਾਡੇ ਜਾਂਗਲੀ ਪਿਤਾਮਾਂ, ਆਪਣਾ ਢਿਡ ਭਰਨ ਲਈ, ਕਈ ਕਈ ਮੀਲ ਹਰਨ ਆਦਿ ਦਾ ਸ਼ਿਕਾਰ ਕਰਨ ਲਈ, ਉਹਦਾ ਪਿੱਛਾ ਕੀਤਾ ਕਰਦੇ ਸਨ ਤੇ ਆਖਰ ਉਹਨੂੰ ਥਕਾ-ਹੰਭਾ ਮਾਰ ਲਿਆ ਕਰਦੇ ਸਨ, ਗੋਇਆ ਸਾਡਾ ਅੰਦਰਲਾ ਢਾਂਚਾ ਆਪਣੇ ਉਨ੍ਹਾਂ ਬਜ਼ੁਰਗਾਂ ਵਾਲਾ ਹੀ ਹੈ, ਕੇਵਲ ਅਜੋਕੀਆਂ ਆਰਾਮ ਦੇਹ ਚੀਜ਼ਾਂ ਨੇ ਇਹਨੂੰ ਮਲੂਕ ਬਣਾ ਦਿਤਾ ਹੈ, ਸਾਡੀ ਜ਼ਾਤ ਮਲੂਕ ਨਹੀਂ, ਰਹਿਤ ਮਲੂਕ ਹੋ ਚੁੱਕੀ ਹੈ ਤੇ ਸਿੱਟਾ ਅਜੋਕੇ ਬਲੱਡ-ਪਰੈਸ਼ਰ ਦਿਲ ਰੋਗ, ਤੇ ਸਟਰੋਕ ਆਦਿ ਹਨ। ਇਲਾਜ, ਦਵਾਈਆਂ ਨਹੀਂ, ਯੋਗ ਖੁਰਾਕ ਤੇ ਕਸਤਰ, ਗੋਇਆ ਮੁੜ ਉਸ ਆਨੇ ਵਾਲੀ ਥਾਂ ਆਉਣੀ ਦੀ ਲੋੜ ਹੈ। ਪਹਾੜੀ ਲੋਕ ਜਿਹਨਾਂ ਨੂੰ ਪੈਰੀਂ ਤੁਰ ਆਪਣੇ ਘਰ ਆਉਣਾ ਜਾਣਾ ਪੈਂਦਾ ਹੈ ਮੁਕਬਾਲਤਨ ਬਹੁਤ ਹੀ ਘੱਟ ਦਿਲ-ਰੋਗੀ ਹਨ। ਕਸਰਤ ਤੇ ਇਕ ਕ੍ਰਿਸ਼ਮਾ ਹੈ, ਇਕ ਜਾਦੂ ਹੈ, ਜਿਹੜੀ ਆਦਮੀ ਵਿਚ ਮੁੰਡਾ ਲੱਭਦੀ ਹੈ ਤੇ ਫੇਰ ਮੁੰਡੇ ਵਾਲੇ ਹੀ ਸੁਫਨੇ।

# ਸਾਈਮਨ ਫਰੇਜ਼ਰ ਯੂਨੀਵਰਸਿਟੀ ਵਿਚ ਸਾਊਥ ਏਸ਼ੀਅਨ ਸਟੂਡੈਂਟਸ ਐਸੋਸੀਏਸ਼ਨ ਵਲੋਂ ਸਮਾਗਮ

ਬਰਨਬੀ — ਪਿਛਲੇ ਵੀਰਵਾਰ 22 ਮਾਰਚ, 1984 ਨੂੰ ਸਾਊਥ ਏਸ਼ੀਅਨ ਸਟੂਡੈਂਟਸ ਐਸੋਸੀਏਸ਼ਨ ਵਲੋਂ ਪੰਜਾਬੀ ਦੇ ਚਾਰ ਕਵੀਆਂ - ਗੁਰਚਰਨ ਰਾਮਪੁਰੀ, ਦਰਸ਼ਨ ਗਿੱਲ, ਸੁਰਜੀਤ ਕਲਸੀ ਅਤੇ ਅਜਮੇਰ ਰੋਡੇ ਨੂੰ ਸਾਈਮਨ ਫਰੇਜ਼ਰ ਯੂਨੀਵਰਸਿਟੀ ਵਿਚ ਆਪਣੀਆਂ ਕਵਿਤਾਵਾਂ ਪੇਸ਼ ਕਰਨ ਲਈ ਬੁਲਾਇਆ ਗਿਆ।

ਸਮਾਜਕ ਵਿਗਿਆਨ ਦੇ ਪ੍ਰੋਫੈਸਰ ਡਾ: ਹਰੀ ਸ਼ਰਮਾ ਨੇ ਗੁਰਚਰਨ ਰਾਮਪੁਰੀ, ਦਰਸ਼ਨ ਗਿੱਲ, ਸੁਰਜੀਤ ਕਲਸੀ ਤੇ ਅਜਮੇਰ ਰੋਡੇ ਦੀਆਂ ਲਿਖੀਆਂ ਪੁਸਤਕਾਂ ਦੀ ਵਾਕਫੀ ਸਰੋਤਿਆਂ ਨੂੰ ਕਰਵਾਈ। ਕਵੀਆਂ ਨੇ ਆਪਣੀਆਂ ਤਿੰਨ ਤਿੰਨ ਕਵਿਤਾਵਾਂ ਪੰਜਾਬੀ ਅਤੇ ਅੰਗਰੇਜ਼ੀ ਵਿਚ ਪੇਸ਼ ਕੀਤੀਆਂ।

ਅਜਿਹੇ ਸਮਾਗਮ SASA ਵਲੋਂ ਅਕਸਰ ਆਯੋਜਤ ਕੀਤੇ ਜਾਂਦੇ ਹਨ ਤਾਂ ਕਿ ਯੂਨੀਵਰਸਿਟੀਆਂ ਵਿਚ ਵੱਖ ਵੱਖ ਬੋਲੀਆਂ ਦੇ ਸਾਹਿਤ ਅਤੇ ਕਲਚਰ ਨੂੰ ਪੇਸ਼ ਕੀਤਾ ਜਾ ਸਕੇ।

# ਗੁਰਪਾਲ ਮਾਨ ਵਲੋਂ ਬੇਨਤੀ

ਗੁਰਪਾਲ ਮਾਨ ਵਲੋਂ ਬੇਨਤੀ ਕੀਤੀ ਜਾਂਦੀ ਹੈ ਕਿ ਉਸਦੀ ਵੀਡੀਓ ਮਸ਼ੀਨ ਜਿਸ ਵਿਚ ਵਿਆਹ ਦੀ ਵੀਡੀਓ ਮੂਵੀ ਸੀ, ਮਾਨ ਮਿਊਜ਼ਿਕ(ਮੇਨ ਸਟਰੀਟ) ਤੋਂ ਤਕਰੀਬਨ ਸ਼ਾਮ ਦੇ ਛੇ ਵਜੇ ਚੋਰੀ ਹੋ ਗਈ ਹੈ। ਮੂਵੀ ਨਨਾਇਮੋ ਤੋਂ ਬਣਾ ਕੇ ਲਿਆਂਦੀ ਸੀ। ਜੇ ਕਿਸੇ ਸੱਜਣ ਨੂੰ ਪਤਾ ਹੋਵੇ ਤਾਂ ਕਿਰਪਾ ਕਰਕੇ ਮਾਨ ਮਿਊਜ਼ਿਕ ਤੇ ਮੇਲ ਕਰ ਦੇਵੇ।

**Adress :—**

**6512 Main St. Vancouver, B.C.**

ਬੜੀ ਮੇਹਰਬਾਨੀ ਹੋਵੇਗੀ।

ਸਾਇੰਸੀ ਉਨਤੀ ਨੇ ਦਿਲ-ਦੌਰੇ ਖਤਰੇ ਨੂੰ, ਕਾਫੀ ਹਦ ਤਕ ਘਟਾ ਦਿਤਾ ਹੈ ਤੇ ਇਹ ਪੂਜਯ ਖੋਜੀ ਡਾਕਟਰ ਬੜੀ ਦ੍ਰਿੜਤਾ ਤੇ ਲਗਨ ਨਾਲ ਇਸ ਤੇ ਹੋਰ ਵਧੇਰੇ ਕਾਬੂ ਪਾਉਣ ਲਈ ਤਤਪਰ ਹੈਨ। ਇਨ੍ਹਾਂ ਦੀ ਨਵੀਂ ਈਜਾਦ(ਕਾਢ) ਬਾਰੇ ਮੈਂ ਅਗਲੇ ਲੇਖ ਵਿਚ ਲਿਖਾਂਗਾ।

ਜੇ ਕਿਸੇ ਵਿਅਕਤੀ ਨੂੰ ਬਲੱਡ ਪਰੈਸ਼ਰ ਜਾਂ ਹਾਰਟ ਪ੍ਰਾਬਲਮ ਹੈ ਤਾਂ ਡਾਕਟਰ ਦੀ ਸਲਾਹ ਉਪਰੰਤ ਕਸਰਤ ਸ਼ੁਰੂ ਕਰਨੀ ਚਾਹੀਦੀ ਹੈ।


# ਮਾਲਕ ਮਕਾਨ ਤੋਂ ਸਿੱਧਾ ਮਕਾਨ ਖਰੀਦੋ ਤੇ ਕਮਿਸ਼ਨ ਦੇ ਪੈਸੇ ਬਚਾਓ

**ਈਸਟ ਵੈਨਕੂਵਰ ਵਿਚ 900 ਸੁਕੇਅਰ ਫੁੱਟ ਤਿੰਨ ਬੈੱਡ ਰੂਮ ਦਾ ਘਰ ਜਿਸਦੀ ਦੋ ਬੈੱਡਰੂਮ ਦੀ ਬੇਸਮੈਂਟ ਸੁਈਟ 400 ਡਾਲਰ ਕਿਰਾਏ ਤੇ ਅਲੱਗ ਹੈ। ਮਾਲਕ ਮਕਾਨ ਰਾਹੀਂ ਸਿੱਧਾ ਸੇਲ ਉਪਰ ਹੈ। ਘਰ ਦੀ ਕੀਮਤ 99,500 ਡਾਲਰ ਹੈ। ਜੋ ਕਿ 37 ਫੁੱਟ x 120 ਫੁੱਟ ਦੀ ਕਾਰਨਰ ਲਾਟ ਉਪਰ ਬਣਿਆ ਹੋਇਆ ਹੈ। ਹੋਰ ਪੁੱਛਗਿਛ ਲਈ ਫੋਨ ਕਰੋ :**

**437-3216**



# ਤਜਰਬੇਕਾਰ ਸੁਨਿਆਰੇ ਦੀ ਲੋੜ

ਕੈਲਗਰੀ ਵਿਚ ਇਕ ਤਜਰਬੇਕਾਰ ਸੁਨਿਆਰੇ (Goldsmith) ਦੀ ਲੋੜ ਹੈ। ਜਿਸਨੂੰ ਅੰਗਰੇਜ਼ੀ, ਪੰਜਾਬੀ ਤੇ ਹਿੰਦੀ ਬੋਲਣ ਵਿਚ ਚੰਗੀ ਮੁਹਾਰਤ ਹੋਵੇ। ਲੋੜਵੰਦ ਸੱਜਣ ਹੇਠ ਲਿਖੇ ਪਤੇ ਤੇ ਖਤ ਲਿਖ ਸਕਦੇ ਹਨ :

**M. SINGH**
**1922 - 17th Ave. 7. S.W.**
**Calgary, Alberta**



# MANN MUSIC VIDEO & PHOTO STUDIO

**6512 Main St.(49th Ave.)**
**VANCOUVER, B.C.**

**Ph. 321-6667**

ਸੁਰਿੰਦਰ ਛਿੰਦਾ
ਗੁਲਸ਼ਨ ਕੋਮਲ ਐਂਡ ਪਾਰਟੀ
ਨੰਬਰ 81 ਟੇਪ
ਸ਼ਹੀਦ ਭਗਤ ਸਿੰਘ
(ਵਧੀਆ ਰੀਕਾਰਡਿੰਗ)

**Electric Iron 220 V**
**Blender 220 V Available**

ਵਿਆਹ ਦੀ ਵੀਡੀਓ ਮੂਵੀ ਤੇ ਫੋਟੋ ਖਿਚਵਾਓ

Out of Town Service Available

**Mail Order Accepted**

ਦਿਲ ਸਾਫ਼ ਹੋਣਾ ਚਾਹੀਦਾ
ਗੁਰਦਾਸ ਮਾਨ
GURDAS MAAN



GURDAS MAAN
ਗੁਰਦਾਸ ਮਾਨ

SIDE A
ਦਿਲ ਸਾਫ਼ ਹੋਣਾ ਚਾਹੀਦਾ
ਅੱਖ ਲੱਗ ਗਈ ਸੋਹਣਿਆ ਨਾਲ
ਦੁਨਿਆ ਮੰਡੀ ਪੈਸੇ ਦੀ
ਮੈਨੂੰ ਯਾਰ ਮੇਰੇ ਜਾਪਦੇ ਖੁਦਾ ਵਰਗੇ

SIDE B
ਪੈਰਾਂ-ਚ-ਪੰਜੇਬਾ ਪਾ ਦੇ
ਕੁੜੀਏ ਪੰਜਾਬ ਦੀਏ
ਵੱਡਿਆ ਸ਼ਰਾਬੀਆ ਵੇ
ਦੁਨਿਆ ਮੇਲਾ ਦੋ ਦਿਨ ਦਾ

ਲੇਖਕ : ਗੁਰਦਾਸ ਮਾਨ
ਕਮੈਂਟਰੀ : ਵੀ. ਸੂਰੀ
ਸੰਗੀਤ : ਚਰਨਜੀਤ ਆਹੂਜਾ

**82 ਨੰਬਰ ਨਵੇਂ ਗਾਣਿਆਂ ਦੀ ਟੇਪ**




ਸ਼ਹੀਦ ਭਗਤ ਸਿੰਘ ਜਿਸ ਨੇ ਅੰਗਰੇਜ਼ ਸਾਮਰਾਜ ਦੀਆਂ ਜੜ੍ਹਾਂ ਹੀ ਨਾ ਹਿਲਾਈਆਂ ਸਗੋਂ ਯੁਵਕਾਂ ਦੀ ਆਤਮਾ ਨੂੰ ਸਦੀਵੀ ਤੌਰ ਤੇ ਇਨਕਲਾਬੀ ਬਣਾਇਆ।

ਸੁਨੋਂ ਮੁਜ ਕੋ ਤੋ ਮੈਂ ਧੜਕਨ ਹੂੰ ਦਿਲ ਕੀ,
ਨਹੀਂ ਸੁਨਤੇ ਤੋ ਸਹਰਾ ਕੀ ਸਦਾ ਹੂੰ।
ਮੇਰੀ ਜਾਨਿਬ ਕੋਈ ਆਏ ਤੋ ਪੂਛੂੰ
ਨਿਸ਼ਾਨੇ-ਰਾਹ ਹੂੰ, ਮੰਜ਼ਿਲ ਹੂੰ, ਕਯਾ ਹੂੰ
ਕਿਸੀ ਕੋ ਕਯਾ ਬਤਾਊਂ, ਕੌਨ ਹੂੰ ਮੈਂ
ਕਿ ਅਪਨੀ ਦਾਸਤਾਂ ਭੂਲਾ ਹੂਆ ਹੂੰ


# WHEATON

## PONTIAC BUICK GMC LTD.

**15 New Acadians To Choose From**

**SUPER BUYS**

METALLIC - STK NO. 204056
**Kuldip's Price**
**$6666.00**

ਕੁਲਦੀਪ ਸਿੰਘ ਝੰਡ ਨੂੰ ਫੋਨ ਕਰੋ ਜਾਂ ਮਿਲੋ

**Bus. 526-2781**

STK NO. 187360
**Kuldip's Price**
**$5888.00**



Kuldip Singh Jhand

**Res. 524-4137 Pager 687-7711 #7610**
**325 - 12th St., New Westminster, B.C.**

## ਇਕ ਇੰਟਰਵਿਊ : ਅਕਾਲੀ ਦਲ ਨੇ ਮੰਗਾਂ ਬਾਰੇ ਹੁਣ ਆਪਣਾ ਸਟੈਂਡ ਹੀ ਬਦਲ ਲਿਆ ਹੈ

## ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨਾਲ ਤਾਜ਼ਾ ਮੁਲਾਕਾਤ

## 'ਕੈਨੇਡਾ ਦਰਪਣ' ਦੇ ਭਾਰਤ ਵਿਚ ਵਿਸ਼ੇਸ਼ ਪ੍ਰਤੀਨਿਧ ਸ. ਮਨਜੀਤ ਸਿੰਘ ਰੱਤੂ ਦੀ ਪ੍ਰਧਾਨ ਮੰਤਰੀ ਦੀ ਪੰਜਾਬ ਦੇ ਮਸਲੇ ਬਾਰੇ ਇੰਟਰਵਿਊ



ਨਵੀਂ ਦਿੱਲੀ — ਪ੍ਰਧਾਨ ਦੇ ਉਚੇਚੇ ਸੱਦੇ ਤੇ ਨਵੀਂ ਦਿੱਲੀ ਦੇ ਪਾਰਲੀਮੈਂਟ ਹਾਊਸ ਵਿਚ ਸਥਿਤ ਉਹਨਾਂ ਦੇ ਦਫਤਰ ਵਿਚ ਹੋਈ ਇਸ ਮੁਲਾਕਾਤ ਦੌਰਾਨ ਉਹਨਾਂ ਮਸਲੇ ਨੂੰ ਹੱਲ ਕਰਨ ਲਈ ਕੋਈ ਵੀ ਨਵਾਂ ਸੁਝਾਅ ਨਹੀਂ ਦਿੱਤਾ। ਉਹਨਾਂ ਕਿਹਾ ਕਿ ਮੈਂ ਅਕਾਲੀ ਨੇਤਾਵਾਂ ਨਾਲ ਫਿਰ ਤੋਂ ਗਲਬਾਤ ਕਰਨ ਲਈ ਤਿਆਰ ਹਾਂ। ਇਹ ਸ਼ਬਦ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਬੁੱਧਵਾਰ 7 ਮਾਰਚ ਨੂੰ ਸ਼ਾਮ ਮੇਰੀ ਇੰਟਰਵਿਊ ਦੌਰਾਨ ਕਹੇ। ਸ੍ਰੀਮਤੀ ਗਾਂਧੀ ਨਾਲ ਇਹ ਰਸਮੀ ਮੁਲਾਕਾਤ ਨਾ ਹੋ ਕੇ ਮੁਖ ਤੌਰ ਤੇ ਪੰਜਾਬ ਦੀ ਸਮਸਿਆ ਵਿਚਾਲੇ ਖੁਲ੍ਹਾ ਵਿਚਾਰ ਸੀ। ਇਸੇ ਹੀ ਦਿਨ ਪੰਜਾਬੀ ਟ੍ਰਿਬਿਊਨ ਤੇ ਹਿੰਦੀ ਦੈਨਿਕ ਟ੍ਰਿਬਿਊਨ ਚੰਡੀਗੜ੍ਹ ਦੇ ਸੰਪਾਦਕ ਵੀ ਇੰਟਰਵਿਊ ਕਰਨ ਗਏ।

ਸ੍ਰੀਮਤੀ ਗਾਂਧੀ ਨੇ ਪੰਜਾਬ ਵਿਚ ਵਾਪਰ ਰਹੀਆਂ ਘਟਨਾਵਾਂ ਬਾਰੇ ਚਿੰਤਾ ਪ੍ਰਗਟ ਕੀਤੀ। ਉਹਨਾਂ ਕਤਲੇਆਮ ਦੀਆਂ ਘਟਨਾਵਾਂ ਤੇ ਚਿੰਤਾ ਪ੍ਰਗਟ ਕਰਦੇ ਹੋਏ ਕਿਹਾ ਕਿ ਉਹ ਅਕਾਲੀਆਂ ਨਾਲ ਗਲਬਾਤ ਕਰਨ ਤੋਂ ਕਦੀ ਵੀ ਮੁਨਕਰ ਨਹੀਂ ਹੋਏ। ਪਰ ਅਜਿਹੀ ਮੁਲਾਕਾਤ ਲਈ ਜ਼ਰੂਰੀ ਹੈ ਕਿ ਕਤਲਾਂ ਦਾ ਸਿਲਸਿਲਾ ਖਤਮ ਕਰਕੇ ਸਦਭਾਵਨਾ ਵਾਲਾ ਮਾਹੌਲ ਬਣਾਇਆ ਜਾਵੇ। ਸ੍ਰੀਮਤੀ ਗਾਂਧੀ ਨੇ ਅਕਾਲੀ ਦਲ ਵਿਰੁੱਧ ਆਪਣਾ ਇਹ ਦੋਸ਼ ਮੁੜ ਦੁਹਰਾਇਆ ਕਿ ਉਹ ਆਪਣੀਆਂ ਮੰਗਾਂ ਦੀ ਸੂਚੀ ਉਤੇ ਦ੍ਰਿੜ ਨਹੀਂ ਰਹਿੰਦੇ ਸਗੋਂ ਨਵੀਆਂ ਨਵੀਆਂ ਮੰਗਾਂ ਜੋੜਦੇ ਆ ਰਹੇ ਹਨ। ਇਸ ਸੰਬੰਧ ਵਿਚ ਉਹਨਾਂ ਨਿਰੰਕਾਰੀਆਂ ਦੀਆਂ ਕਿਤਾਬਾਂ ਵਿਚ ਇਤਰਾਜ਼ਯੋਗ ਸ਼ਬਦਾਂ ਦੇ ਮਸਲੇ ਦੀ ਇਹ ਪਹਿਲੀ ਮੰਗ ਲੈ ਕੇ ਸੰਵਿਧਾਨ ਦੀ 25ਵੀਂ ਧਾਰਾ ਵਿਚ ਤਬਦੀਲੀ ਦੀ ਮੰਗ ਨੂੰ ਲੈ ਕੇ ਵੀ ਜ਼ਿਕਰ ਕੀਤਾ। ਉਹਨਾਂ ਅਕਾਲੀ ਦਲ ਦੇ ਪ੍ਰਧਾਨ ਸੰਤ ਲੌਂਗੋਵਾਲ ਵਲੋਂ ਇਹਨਾਂ ਮੰਗਾਂ ਬਾਰੇ ਦਿਤੇ ਜਾਂਦੇ ਬਿਆਨਾਂ ਨੂੰ ਗਲਬਾਤ ਲਈ ਮਾਹੌਲ ਖਰਾਬ ਕਰਨ ਵਾਲੇ ਕਰਾਰ ਦਿਤਾ ਸੀ। ਪ੍ਰਧਾਨ ਮੰਤਰੀ ਸ਼ਾਇਦ ਮੇਰੀ ਇਸ ਗੱਲ ਨਾਲ ਸਹਿਮਤ ਨਹੀਂ ਸਨ ਜਾਪਦੇ ਕਿ ਪੰਜਾਬ ਦੀ ਸਮੱਸਿਆ ਦੇ ਹੱਲ ਨੂੰ ਜਿੰਨਾ ਲਟਕਾਇਆ ਜਾਂਦਾ ਰਿਹਾ ਹੈ ਉਨੀ ਹੀ ਇਹ ਹੋਰ ਗੰਭੀਰ ਹੁੰਦੀ ਜਾਏਗੀ। ਜਦੋਂ ਮੈਂ ਉਹਨਾਂ ਦਾ ਧਿਆਨ ਹਰਿਆਣਾ ਦੇ ਕੁਝ ਸ਼ਹਿਰਾਂ ਵਿਚ ਵਾਪਰੀਆਂ ਘਟਨਾਵਾਂ ਵਲ ਦਿਵਾਇਆ ਅਤੇ ਦੋ ਫਿਰਕਿਆਂ ਦਰਮਿਆਨ ਦਿਨੋਂ ਦਿਨ ਵਧ ਰਹੇ ਪਾੜੇ ਦਾ ਜ਼ਿਕਰ ਕੀਤਾ ਤਾਂ ਉਨ੍ਹਾਂ ਇਸ ਤੇ ਸਿਰਫ ਦੁਖ ਦਾ ਹੀ ਪ੍ਰਗਟਾਵਾ ਕੀਤਾ। ਉਹ ਪੰਜਾਬ ਦੀਆਂ ਅਖਬਾਰਾਂ ਤੇ ਕੁਝ ਇੰਗਲੈਂਡ ਦੀਆਂ ਅਖਬਾਰਾਂ ਅਤੇ ਵਿਰੋਧੀ ਪਾਰਟੀਆਂ ਵਿਰੁਧ ਵੀ ਇਹ ਦੋਸ਼ ਦੁਹਰਾਏ ਕਿ ਉਨ੍ਹਾਂ ਸ੍ਰੀ ਮਤੀ ਗਾਂਧੀ ਵਿਰੁੱਧ ਗਲਤ ਪ੍ਰਚਾਰ ਕੀਤਾ ਹੈ। ਚਾਹੇ ਸ੍ਰੀਮਤੀ ਗਾਂਧੀ ਪੰਜਾਬ ਦੀ ਮੌਜੂਦਾ ਸਥਿਤੀ ਉਤੇ ਚਿੰਤਾ ਪ੍ਰਗਟ ਕਰ ਰਹੀ ਹੈ। ਉਹਨਾਂ ਇਸ ਦੇ ਹਲ ਵਿਚ ਪੇਸ਼ ਆਉਂਦੀਆਂ ਕਠਨਾਈਆਂ ਦਾ ਜ਼ਿਕਰ ਵੀ ਕੀਤਾ ਪਰ ਉਹ ਇਸ ਪ੍ਰਤੀ ਭਵਿਖ ਵਿਚ ਕੀ ਪਹਿਲ ਕਦਮੀ ਕਰਨ ਦਾ ਇਰਾਦਾ ਰੱਖਦੇ ਹਨ। ਇਸ ਦਾ ਕੋਈ ਸੰਕੇਤ ਉਹਨਾਂ ਮੇਰੇ ਨਾਲ ਕੀਤੀ ਮੁਲਾਕਾਤ ਦੌਰਾਨ ਨਹੀਂ ਦਿਤਾ। ਗਲਬਾਤ ਦੌਰਾਨ ਤਾਂ ਇਸ ਤਰ੍ਹਾਂ ਦੀ ਚਰਚਾ ਹੋਈ ਤੇ ਜੋ ਵੀ ਗੱਲਾਂ ਹੋਈਆਂ ਉਹਨਾਂ ਵਿਚੋਂ ਕੁਝ ਅੰਸ਼ ਹੇਠਾਂ ਦਿੱਤੇ ਜਾ ਰਹੇ ਹਨ।

ਸਵਾਲ :— ਪੰਜਾਬ ਇਕ ਵੱਡੇ ਹੀ ਦੁਖਾਂਤ ਵਿਚੋਂ ਲੰਘ ਰਿਹਾ ਹੈ। ਪੱਤਰਕਾਰ ਹੋਣ ਦੇ ਨਾਤੇ ਮੇਰੀ ਹਰ ਰੋਜ਼ ਵੱਖ ਵੱਖ ਵਰਗਾਂ ਦੇ ਲੋਕਾਂ ਨਾਲ ਮੁਲਾਕਾਤ ਹੁੰਦੀ ਹੈ। ਸਭ ਦੀ ਇਹੋ ਹੀ ਰਾਇ ਬਣਦੀ ਹੈ ਕਿ ਇਸ ਬੇਇਤਹਾ ਦੁੱਖ ਚੋਂ ਕੱਢ ਸਕਦਾ ਹੈ ਤਾਂ ਉਹ ਤੁਸੀਂ ਹੋ ?

ਇੰਦਰਾ ਗਾਂਧੀ :— ਦਸੋ ਇਸ ਸਥਿਤੀ ਵਿਚੋਂ ਕਿਵੇਂ ਨਿਕਲਿਆ ਜਾ ਸਕਦਾ ਹੈ ਜੇ ਇਹ ਗੱਲ ਹੈ ਤਾਂ ਤੁਸੀਂ ਹੀ ਕੋਈ ਹੱਲ ਲੱਭੋ, ਕਿ ਕਿਵੇਂ ਇਹ ਮਸਲਾ ਹੱਲ ਹੋ ਸਕਦਾ ਹੈ। ਦੋਹਾਂ ਪਾਸਿਆਂ ਦੇ ਮਿਲਵਰਤਣ ਨਾਲ ਹੀ ਕਿਸੇ ਨਤੀਜੇ ਉਪਰ ਪੁਜਿਆ ਜਾ ਸਕਦਾ ਹੈ। ਕੋਈ ਇਕੱਲਾ ਮਨੁੱਖ ਇਸ ਫੈਸਲੇ ਦਾ ਹਲ ਨਹੀਂ ਕਰ ਸਕਦਾ। ਸੰਤ ਹਰਚੰਦ ਸਿੰਘ ਲੌਂਗੋਵਾਲ ਗਾਹੇ ਬਿਗਾਹੇ ਅਜਿਹੇ ਕੁਝ ਬਿਆਨ ਦਿੰਦੇ ਹਨ ਜਿਸ ਨਾਲ ਕਾਫੀ ਮੁਸ਼ਕਲਾਂ ਪੈਦਾ ਹੋ ਰਹੀਆਂ ਹਨ। ਅਤੇ ਹਾਲਾਤ ਨੂੰ ਨਵਾਂ ਮੋੜ ਮਿਲਦਾ ਰਹਿੰਦਾ ਹੈ।

ਸਵਾਲ :— ਇਸ ਸਬੰਧ ਵਿਚ ਤੁਸੀਂ ਨਿਕਟ ਭਵਿਖ ਬਾਰੇ ਕੀ ਸੋਚ ਰਹੇ ਹੋ ਜਾਂ ਨਹੀਂ ?

ਇੰਦਰਾ ਗਾਂਧੀ :— ਇਸ ਪਾਸੇ ਵੱਲ ਜਿੰਨਾ ਅਗੇ ਮੈਂ ਜਾ ਸਕਦੀ ਹਾਂ, ਉਨੀ ਹੀ ਜਾ ਚੁੱਕੀ ਹਾਂ ਜੋ ਕੁਝ ਮੈਂ ਕਹਿਣਾ ਸੀ ਕਹਿ ਹੀ ਚੁੱਕੀ ਹਾਂ।

ਸਵਾਲ :— ਜੇਕਰ ਤੁਸੀਂ ਲੋਕਾਂ ਨੂੰ ਕੋਈ ਅਪੀਲ ਕਰੋ ਤਾਂ ਇਸ ਦਾ ਅਸਰ ਜ਼ਰੂਰ ਹੋਵੇਗਾ ?

ਇੰਦਰਾ ਗਾਂਧੀ :— ਪੰਜਾਬ ਦੇ ਤਾਂ ਮਸਲੇ ਉਭਾਰੇ ਜਾ ਰਹੇ ਹਨ ਪਰ ਹੋਰ ਪ੍ਰਾਂਤ ਵੀ ਤਾਂ ਹਨ ਜਿਹਨਾਂ ਨੂੰ ਨਜ਼ਰ ਅੰਦਾਜ਼ ਵੀ ਨਹੀਂ ਕੀਤਾ ਜਾਂਦਾ। ਕਿਸੇ ਵੀ ਮਸਲੇ ਦਾ ਹੱਲ ਸਭ ਧਿਰਾਂ ਦੇ ਮਿਲ ਬੈਠਣ ਨਾਲ ਅਤੇ ਵਿਚਾਰ ਰਾਹੀਂ ਹੀ ਸੰਭਵ ਹੈ। ਜਾਂ ਫਿਰ ਕੋਈ ਟ੍ਰਿਬਿਊਨਲ ਕਾਇਮ ਕਰਕੇ ਇਸ ਨੂੰ ਸੁਲਝਾਇਆ ਜਾ ਸਕਦਾ ਹੈ। ਮੈਂ ਤਾਂ ਪਹਿਲਾਂ ਵੀ ਇਸ ਦਿਸ਼ਾ ਵਿਚ ਫੈਸਲੇ ਲਏ ਹਨ ਅਤੇ ਅਗੋਂ ਵੀ ਇਸੇ ਤਰਾਂ ਸਹੀ ਦਿਸ਼ਾ ਵਿਚ ਅੱਗੇ ਵਧਣ ਲਈ ਤਿਆਰ ਹਾਂ।

ਸਵਾਲ :— ਜਿਉਂ ਜਿਉਂ ਹੀ ਵਕਤ ਲੰਘਦਾ ਹੈ, ਤੇ ਕੋਈ ਫੈਸਲਾ ਨਜ਼ਰ ਨਹੀਂ ਆ ਰਿਹਾ। ਹਲਾਤ ਹੋਰ ਖਰਾਬ ਹੋ ਰਹੇ ਹਨ। ਪਰ ਇਸਦੇ ਬਾਵਜੂਦ ਵੀ ਅਕਾਲੀ ਦਲ ਨਾਲ ਕਿਸੇ ਸਮਝੌਤੇ ਤੇ ਪੁੱਜਣਾ ਸੰਭਵ ਜਾਪਦਾ ਹੈ। ਪੰਜਾਬ ਦਾ ਮਸਲਾ, ਆਸਾਮ ਵਰਗਾ ਤੇ ਗੁੰਝਲਦਾਰ ਹੈ ਨਹੀਂ — ਵੱਡਾ ਰੇੜਕਾ ਤਾਂ ਚੰਡੀਗੜ੍ਹ ਦਾ ਹੀ ਲਗਦਾ ਹੈ ਜਿਸ ਨੂੰ ਵੰਡਣ ਬਾਰੇ ਵੀ ਸਰਕਾਰ ਨੇ ਇਹ ਸੁਝਾਅ ਦਿਤਾ ਸੀ। ਇਕ ਸ਼ਹਿਰ ਦੇ ਕੁਝ ਕੁ ਹਿਸੇ ਦੇ ਸਵਾਲ ਤੇ ਵਾਪਰ ਰਿਹਾ ਵੱਡਾ ਤੇ ਗੰਭੀਰ ਦੁਖਾਂਤ ਵਾਪਰਨੋ ਜ਼ਰੂਰ ਰੋਕਿਆ ਜਾ ਸਕਦਾ ਹੈ। ਪਾਣੀਪਤ ਵਿਚ ਜੋ ਕੁਝ ਵਾਪਰਿਆ ਹੈ ਉਸਨੇ ਲੋਕਾਂ ਵਿਚਾਲੇ ਵਧ ਰਹੇ ਪਾੜੇ ਨੂੰ ਹੋਰ ਵਧਾਇਆ ਹੈ।

ਇੰਦਰਾ ਗਾਂਧੀ :— ਅਕਾਲੀ ਦਲ ਦੀਆਂ ਮੰਗਾਂ ਪ੍ਰਤੀਦਿਨ ਵਧਦੀਆਂ ਜਾ ਰਹੀਆਂ ਹਨ। ਪਹਿਲੀਆਂ ਮੰਗਾਂ ਵਿਚ ਸੰਵਿਧਾਨ ਦੀ 25 ਧਾਰਾ ਬਾਰੇ ਕੋਈ ਇਤਰਾਜ਼ ਹੀ ਨਹੀਂ ਸੀ ਕੀਤਾ ਗਿਆ। ਪਰ ਹੁਣ ਇਹ ਨਵੀਂ ਹੀ ਮੰਗ ਕੱਢ ਦਿਤੀ ਹੈ। ਇਸ ਨੂੰ ਬਹੁਤ ਵੱਡੀ ਮੰਗ ਦੇ ਤੌਰ ਤੇ ਪੇਸ਼ ਕੀਤਾ ਗਿਆ ਹੈ। ਅਕਾਲੀ ਦਲ ਨੇ ਪਿਛਲੇ ਕੁਝ ਹੀ ਸਮੇਂ ਦੌਰਾਨ ਜਿਸ ਤਰਾਂ ਦੇ ਸੁਆਲ ਕੀਤੇ ਹਨ ਉਹਨਾਂ ਤੋਂ ਇਹ ਯਕੀਨ ਹੋ ਗਿਆ ਹੈ ਕਿ ਉਹ ਕਿਸੇ ਵੀ ਸਮਝੌਤੇ ਤੇ ਟਿਕਣ ਨਹੀਂ ਲੱਗੇ।

ਸਵਾਲ :— ਅਕਾਲੀ ਇਸ ਵੇਲੇ ਚਾਹੁੰਦੇ ਆਖਿਰ ਕੀ ਫੈਸਲਾ ਹਨ ?

ਇੰਦਰਾ ਗਾਂਧੀ :— ਸੰਤ ਲੌਂਗੋਵਾਲ ਜਾਂ ਉਹਨਾਂ ਦਾ ਕੋਈ ਵੀ ਨੁਮਾਇੰਦਾ ਫੈਸਲਾ ਨਹੀਂ ਕਰ ਸਕਦਾ।

ਸਵਾਲ :— ਜੇਕਰ ਚੰਡੀਗੜ੍ਹ ਦਾ ਮਸਲਾ ਹੱਲ ਹੋ ਜਾਏ ਤਾਂ ਅਕਾਲੀ ਦਲ ਨਾਲ ਕੋਈ ਸਮਝੌਤਾ ਸਿਰੇ ਚੜ੍ਹ ਸਕਦਾ ਹੈ। ਜੇ ਕੋਈ ਸਮਝੌਤਾ ਹੋ ਜਾਵੇ ਤਾਂ ਪੰਜਾਬ ਵਿਚ ਹਿੰਸਕ ਵਾਰਦਾਤਾਂ ਕਰ ਰਹੇ ਅਤਿਵਾਦੀ ਬਿਲਕੁਲ ਅਲਗ ਅਲਗ ਹੋ ਜਾਣਗੇ।

ਇੰਦਰਾ ਗਾਂਧੀ :— ਕੁਝ ਲੋਕ ਇਹ ਚਾਹੁੰਦੇ ਹਨ ਕਿ ਸਮਝੌਤਾ ਹੋਣ ਹੀ ਨਹੀਂ ਦੇਣਾ — ਅਖਬਾਰਾਂ ਅਤੇ ਵਿਰੋਧੀ ਪਾਰਟੀਆਂ ਵੀ ਮੇਰੇ ਖਿਲਾਫ ਬਹੁਤ ਵਧਾ ਚੜ੍ਹਾ ਕੇ ਪ੍ਰਚਾਰ ਕਰਦੀਆਂ ਹਨ।

ਸਵਾਲ :— ਹਲਾਤ ਜੋ ਵੀ ਹੋਣ, ਪੰਜਾਬ ਵਿਚ ਬੇ-ਗੁਨਾਹੇ ਹੋ ਰਹੀ ਕਤਲੇਆਮ ਦਾ ਅੰਤ ਤਾਂ ਕੀਤਾ ਜਾਣਾ ਚਾਹੀਦਾ ਹੈ ?

ਇੰਦਰਾ ਗਾਂਧੀ :— ਜੇਕਰ ਅਕਾਲੀ ਆਨੰਦਪੁਰ ਦੀ ਗਲ ਕਰਨੀ ਛਡ ਦੇਣ ਤਾਂ .......?

ਸਵਾਲ :— ਪੰਜਾਬ ਤੇ ਹਰਿਆਣਾ ਵਿਚ ਪਿਛਲੇ ਦਿਨਾਂ ਵਿਚ ਹੋਏ ਇਕੋ ਫਿਰਕੇ ਦੇ ਕਤਲਾਂ ਤੋਂ ਬਾਅਦ ਪਾਣੀਪਤ ਸ਼ਹਿਰ ਵਿਚ ਜੋ ਕੁਝ ਵਾਪਰਿਆ ਹੈ ਉਸ ਨਾਲ ਇਸ ਫੈਸਲੇ ਦੀ ਘੜੀ ਕਾਫੀ ਦੂਰ ਜਾ ਰਹੀ ਹੈ।

ਇੰਦਰਾ ਗਾਂਧੀ :— ਇਹ ਘਟਨਾਵਾਂ ਦਾ ਵਾਪਰਨਾ ਬਹੁਤ ਹੀ ਬੁਰੀ ਗਲ ਹੈ। ਇਹ ਕੁਝ ਨਹੀਂ ਵਾਪਰਨਾ ਚਾਹੀਦਾ। ਅਸੀਂ ਅੱਗੋਂ ਇਸ ਗੱਲ ਦਾ ਧਿਆਨ ਰਖਾਂਗੇ।

ਸਵਾਲ :— ਆਮ ਲੋਕ ਚੰਗੇ ਮਾਹੌਲ ਦੇ ਚਾਹਵਾਨ ਹਨ। ਇਸ ਬਾਰੇ ਤੁਸੀਂ ਕੋਈ ਅਪੀਲ ਕਰੋ ਮੁਲਾਕਾਤ ਲਈ ਸੱਦਾ ਦਿਓ ?

ਇੰਗਰਾ ਗਾਂਧੀ :— ਗੱਲ ਉਹਨਾਂ ਮੰਗਾਂ ਤੋਂ ਸ਼ੁਰੂ ਕਰਨੀ ਬਣਦੀ ਹੈ। ਜਿਹੜੀਆਂ ਮੰਨ ਲਈਆਂ ਗਈਆਂ ਹਨ। ਸਦਭਾਵਨਾ ਵੀ ਕੋਈ ਚੀਜ਼ ਹੈ। ਕੀ ਮੁਲਾਕਾਤਾਂ ਸਿਰਫ ਮੰਗਾਂ ਦੇ ਸਬੰਧ ਵਿਚ ਵੀ ਹੋ ਸਕਦੀਆਂ ਹਨ ? ਲੋਕ ਮੰਗਾਂ ਤੋਂ ਬਿਨਾਂ ਆਪਸੀ ਸਬੰਧਾਂ ਖਾਤਰ ਵੀ ਮਿਲਦੇ ਹਨ। ਪਰ ਜੋ ਮੰਗਾਂ ਹੁਣ ਉਠਾਈਆਂ ਜਾ ਰਹੀਆਂ ਹਨ, ਜਨਤਾ ਪਾਰਟੀ ਦੀ ਹਕੂਮਤ ਵੇਲੇ ਵੀ ਤਾਂ ਹੱਲ ਕੀਤਾ ਜਾ ਸਕਦਾ ਸੀ। ਪਰ ਨਹੀਂ ਕੀਤਾ ਗਿਆ। ਕਿਉਂ ? ਮਸਲਾ ਸਿਰਫ ਚੰਡੀਗੜ੍ਹ ਦਾ ਨਹੀਂ। ਇਸਦੇ ਨਾਲ ਨਾਲ ਫਾਜ਼ਿਲਕਾ ਅਤੇ ਅਬੋਹਰ ਦਾ ਵੀ ਤਾਂ ਹੈ।

(ਬਾਕੀ ਪੰਨਾ 5ਤੇ)





ਸਪੈਸ਼ਲ ਛੋਟਾਂ ਤੇ

ਮਾਰਚ 28-29-30-31- 1 ਅਪਰੈਲ

Scottsdale Mall
71 Ave., 120 St.
Scott Road Delta

CLIP THESE COUPONS FOR DISCOUNTS ON RIDES

COUPONS GOOD THROUGH ALL DATES
THIS COUPON GOOD FOR
6 RIDES FOR $3.50
West Coast Amusements Ltd.
CARNIVAL MIDWAY

COUPONS GOOD THROUGH ALL DATES
THIS COUPON GOOD FOR
6 RIDES FOR $3.50
West Coast Amusements Ltd.
CARNIVAL MIDWAY

COUPONS GOOD THROUGH ALL DATES
THIS COUPON GOOD FOR
6 RIDES FOR $3.50
West Coast Amusements Ltd.
CARNIVAL MIDWAY

COUPONS GOOD THROUGH ALL DATES
THIS COUPON GOOD FOR
6 RIDES FOR $3.50
West Coast Amusements Ltd.
CARNIVAL MIDWAY

# ਕੂੜ ਫਿਰੇ ਪਰਧਾਨ ਵੇ ਲਾਲੋ

ਸਤਿਕਾਰਯੋਗ ਸਾਧ ਸੰਗਤ ਜੀ,

ਵਾਹਿਗੁਰੂ ਜੀ ਕਾ ਖਾਲਸਾ,
ਵਾਹਿਗੁਰੂ ਜੀ ਕੀ ਫਤਹਿ ॥

ਸਾਧ ਸੰਗਤ ਜੀ ਕਲ ਜੁੱਗ ਦਾ ਸਮਾਂ ਹੈ। ਇਸ ਸਮੇਂ ਵਿੱਚ ਜਿਤਨਾ ਕੋਈ ਵਲ ਫਰੇਬ ਕਰਦਾ ਹੈ ਜਾਂ ਪ੍ਰਾਪੇਗੰਡਾ ਕਰਦਾ ਹੈ ਉਤਨਾ ਹੀ ਉਸ ਦਾ ਬੋਲਬਾਲਾ ਹੈ। ਨੇਕ ਵਿਅਕਤੀ ਜੇਕਰ ਚੁੱਪ ਕਰ ਰਹਿਦਾ ਹੈ ਤਾਂ ਲੋਕੀ ਉਸ ਨੂੰ ਝੂਠਾ ਸਮਝਣ ਲੱਗ ਪੈਂਦੇ ਹਨ। ਪ੍ਰਮਾਤਮਾ ਤੋਂ ਘੱਟ ਡਰਦੇ ਹਨ। ਵਿਖਾਵਾ ਭਾਵੇਂ ਜ਼ਿਆਦਾ ਕਰਨ। ਜਿਸ ਕੋਲ ਸਟੇਜ ਹੈ ਜਾਂ ਰੇਡੀਓ ਪ੍ਰੋਗਰਾਮ ਹੈ, ਉਹ ਉਸਨੂੰ ਵਰਤਕੇ ਚੰਗੇ ਜਾਂ ਮਾੜੇ ਤਰੀਕੇ ਨਾਲ ਆਪਣੇ ਆਪ ਨੂੰ ਹੀ ਸੱਚਾ ਦੱਸਣ ਦੀ ਕੋਸ਼ਿਸ਼ ਕਰਦਾ ਹੈ। ਅਸੀਂ ਇਹ ਦੱਸਣ ਦੀ ਕੋਸ਼ਿਸ਼ ਨਹੀਂ ਕਰ ਰਹੇ ਕਿ ਵਲ ਫਰੇਬ ਕਰਨਾ ਚਾਹੀਦਾ ਹੈ ਜਾਂ ਝੂਠ ਬੋਲਣਾ ਚਾਹੀਦਾ ਹੈ, ਪਰ ਜੇਕਰ ਕੋਈ ਕਰਦਾ ਹੈ ਤਾਂ ਉਸਨੂੰ ਰੋਕਣਾ ਜ਼ਰੂਰ ਚਾਹੀਦਾ ਹੈ।

ਖਾਲਸਾ ਦੀਵਾਨ ਸੁਸਾਇਟੀ 8000 ਰੋਸ ਸਟਰੀਟ ਵੈਨਕੂਵਰ ਦੇ ਤਕਰੀਬਨ 18000 ਮੈਂਬਰ ਹਨ। ਇਕ ਪ੍ਰਬੰਧਕੀ ਧੜਾ ਹੈ ਅਤੇ ਦੂਸਰਾ ਪ੍ਰਬੰਧਕਾਂ ਨੂੰ ਚੌਕੰਨਾ ਰੱਖਣ ਵਾਸਤੇ ਚੋਣਾਂ ਵਿਚ ਭਾਗ ਲੈਂਦਾ ਹੈ। ਵਿਰੋਧੀ ਧੜੇ ਦੀ ਇਹ ਵਿਸ਼ੇਸ਼ਤਾਈ ਹੈ ਕਿ ਇਹ ਚੋਣ ਭਾਵੇਂ ਹਾਰ ਜਾਣ ਪਰ ਬਾਅਦ ਵਿੱਚ ਪ੍ਰਬੰਧਕਾਂ ਨੂੰ ਬੁਰਾ ਭਲਾ ਨਹੀਂ ਕਹਿੰਦੇ, ਜੇਕਰ ਕੋਈ ਚੰਗਾ ਕੰਮ ਕਰਦੇ ਹਨ ਤਾਂ ਉਸਦਾ ਸਾਥ ਦਿੰਦੇ ਹਨ, ਲੜਾਈ ਝਗੜੇ ਵਿਚ ਯਕੀਨ ਨਹੀਂ ਰੱਖਦੇ। ਜੇਕਰ ਪ੍ਰਬੰਧਕ ਧੜਾ ਮਾੜਾ ਕੰਮ ਕਰਦੇ ਹਨ ਤਾਂ ਉਸਨੂੰ ਸੁਲਝੇ ਹੋਏ ਤਰੀਕੇ ਨਾਲ ਰੋਕਣ ਦੀ ਕੋਸ਼ਿਸ਼ ਕਰਦੇ ਹਨ। ਇਹੋ ਹੀ ਕਾਰਨ ਹੈ ਕਿ ਇਸ ਸਾਲ ਚੋਣਾਂ ਵਿਚ ਇਹਨਾਂ ਨੇ ਬਰਾਬਰ ਦੀਆਂ ਵੋਟਾਂ ਪ੍ਰਾਪਤ ਕੀਤੀਆਂ। ਜੇਕਰ ਚੋਣਾਂ ਵਿੱਚ ਇਹ ਭਾਗ ਨਾ ਲੈਣ ਤਾਂ ਨੁਕਸਾਨ ਇਹ ਹੈ।

- ਸੁਸਾਇਟੀ ਦੀ ਮੈਂਬਰਸ਼ਿਪ ਬਹੁਤ ਘੱਟ ਜਾਵੇਗੀ।
- ਪ੍ਰਬੰਧਕ ਚੌਕੰਨੇ ਨਹੀਂ ਰਹਿਣਗੇ ਅਤੇ ਚੰਗੇ ਕੰਮ ਨਹੀਂ ਹੋਣਗੇ।
- ਸਭ ਤੋਂ ਨੁਕਸਾਨ ਵਾਲੀ ਗੱਲ ਇਹ ਹੈ ਕਿ ਪ੍ਰਬੰਧਕਾਂ ਦੇ ਆਪਸ ਵਿੱਚ ਦੋ ਧੜੇ ਹੋ ਜਾਣਗੇ, ਜਿਸਦਾ ਕੱਲ੍ਹ ਨੂੰ ਹੋਰ ਵੀ ਨੁਕਸਾਨ ਹੈ।

ਛੇ ਜਾਂ ਸੱਤ ਸਾਲ ਪਹਿਲਾਂ ਜਦੋਂ ਇਹਨਾਂ ਪ੍ਰਬੰਧਕਾਂ ਨੇ ਪ੍ਰਬੰਧ ਸੰਭਾਲਿਆ ਤਾਂ ਇਹਨਾਂ ਨੇ ਪਹਿਲੇ ਪ੍ਰਬੰਧਕਾਂ ਉਪਰ ਕੁਝ ਮੁਕੱਦਮੇ ਕੀਤੇ। ਜਿਵੇਂ :—

- ਭਾਈ ਬਖਸ਼ੀਸ਼ ਸਿੰਘ ਤੇ ਭਾਈ ਪ੍ਰਿਤਪਾਲ ਸਿੰਘ ਨਰਵਾਲ ਉਪਰ
- ਭਾਈ ਜਗਦੇਵ ਸਿੰਘ ਅਠਵਾਲ ਉਪਰ
- Indo-Canadian Times Paper ਉਪਰ
- ਇਕ ਮੁਕੱਦਮਾ ਵਿਧਾਨ ਦੀ ਤਰਮੀਮ ਬਾਰੇ ਹੋਇਆ। ਕਿਉਂਕਿ ਤਰਮੀਮ ਵਿੱਚ ਲਫਜ਼ ਪਾਸ ਹੋਰ ਹੋਏ ਸਨ ਪਰ ਰਜਿਸਟਰ ਹੋਰ ਕਰਵਾ ਦਿੱਤੇ ਸਨ।
- ਇਕ ਮੁਕੱਦਮਾ ਸਰਬਜੀਤ ਸਿੰਘ ਖੁਰਾਨਾ ਉਪਰ ਜੋ ਕੇ ਅਜੇ ਵੀ ਚੱਲ ਰਿਹਾ ਹੈ।

ਇਹਨਾਂ ਸਾਰੇ ਮੁਕੱਦਮਿਆਂ ਦਾ ਖਰਚ ਇਹਨਾਂ ਨੇ ਗੁਰੂ ਘਰ ਵਿੱਚ ਦਿਤੀ ਸੰਗਤਾਂ ਵਲੋਂ ਭੇਟਾ ਵਿਚੋਂ ਕੀਤਾ ਗਿਆ। ਜਾਣੀ ਕਿ ਸਾਰਾ ਖਰਚ ਗੁਰੂ ਘਰ ਦੀ ਗੋਲਕ ਵਿਚੋਂ ਕੀਤਾ ਗਿਆ।

ਜਿਸਦਾ ਕੁਲ ਜੋੜ ਤਕਰੀਬਨ 53700 ਡਾਲਰ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਇਹਨਾਂ ਨੇ ਇਹ ਸਾਰੇ ਮੁਕੱਦਮੇ ਹਾਰੇ ਸਨ ਅਤੇ ਖਰਚ ਕੀਤਾ ਗੁਰੂ ਘਰ ਦਾ। ਇਥੋਂ ਤੱਕ ਕਿ ਇਕ ਮੁਕੱਦਮਾ ਨਿੱਜੀ Common - Assault ਦਾ ਸੀ ਜੋ ਕਿ ਭਾਈ ਬਿੱਕਰ ਸਿੰਘ ਤੇ ਭਾਈ ਦਲਜੀਤ ਸਿੰਘ ਸੰਧੂ ਹੁਣਾਂ ਨੇ ਭਾਈ ਜੌਹਨ ਸਿੰਘ ਦੋਸਾਂਝ ਉਪਰ ਕੀਤਾ ਸੀ। ਉਸਦਾ ਖਰਚ ਵੀ ਜੋ ਕਿ ਤਕਰੀਬਨ 5912.55 ਸੀ ਗੁਰੂ ਘਰ ਵਿਚੋਂ ਕੀਤਾ ਗਿਆ। ਜਿਹੜਾ 53700 ਡਾਲਰ ਉਸ ਵੇਲੇ ਸੀ ਜੇਕਰ ਅਜ ਇਸ ਦੀ ਕੀਮਤ ਵੇਖੀਏ ਤਾਂ ਲੱਖ ਡਾਲਰ ਤੋਂ ਉਪਰ ਬਣਦੀ ਹੈ। ਹੁਣ ਵਾਲੇ ਪ੍ਰਬੰਧਕਾਂ ਨੂੰ ਚਾਹੀਦਾ ਸੀ ਕਿ ਇਹ 53700 ਡਾਲਰ ਉਸ ਵੇਲੇ ਗੁਰੂ ਘਰ ਦਾ ਵਾਪਸ ਕਰਦੇ।

ਅਸੀਂ ਇਹ ਨਹੀਂ ਚਾਹੁੰਦੇ ਕਿ ਇਹੋ ਜਿਹੇ ਮਾੜੇ ਕੰਮਾਂ ਦਾ ਮੁਕਾਬਲਾ ਕੀਤਾ ਜਾਵੇ। ਗੁਰਬਾਣੀ ਦਾ ਕਥਨ ਹੈ ਕਿ "ਮੂਰਖ ਨਾਲ ਨਾ ਲੁਝੀਐ।" ਦੁਨੀਆਂ ਚੰਦਰਮੇ ਤੇ ਪਹੁੰਚ ਗਈ ਹੈ ਅਸੀਂ ਆਪਸ ਵਿਚ ਲੜੀ ਜਾਈਏ ਇਹ ਸ਼ੋਭਾ ਨਹੀਂ ਦਿੰਦਾ।

ਦੋ ਕੁ ਸਾਲ ਹੋਏ ਹਨ Squamish ਦੀ Society ਗੁਰੂ ਘਰ ਬਣਾਉਣ ਵਾਸਤੇ ਉਗਰਾਹੀ ਕਰਨ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਆਏ। ਸੰਗਤ ਨੇ ਦਿਲ ਖੋਲ੍ਹ ਕੇ ਉਗਰਾਹੀ ਦਿੱਤੀ। ਜਦੋਂ ਸੰਗਤਾਂ ਵਿਚੋਂ ਉਗਰਾਹੀ ਖਤਮ ਹੋ ਗਈ ਤਾਂ ਉਹਨਾਂ ਕਿਹਾ ਪ੍ਰਬੰਧਕੋ ਤੁਸੀਂ ਵੀ ਆਪਣੀਆਂ ਜੇਬਾਂ ਵਿਚੋਂ ਕੁਝ ਦਿਉ ਤਾਂ ਹੱਸ ਕੇ ਕਹਿਣ ਲਗੇ ਅਸੀਂ ਆਪ ਇਸ ਤਰਾਂ ਉਗਰਾਹੀ ਨਹੀਂ ਦੇ ਸਕਦੇ।

ਇਹ ਸਾਡੀ ਕੌਮ ਦੀ ਮਾੜੀ ਕਿਸਮਤ ਹੈ ਕਿ ਲੀਡਰਸ਼ਿਪ ਦੀ ਘਾਟ ਹੈ। ਜੋ ਸਾਡੇ ਗੁਰੂ ਘਰਾਂ ਦੇ ਪ੍ਰਧਾਨ ਵੀ ਹਨ ਉਹ ਵੀ ਚੁਣੇ ਜਾਣ ਤੋਂ ਬਾਅਦ ਨਿਰਪੱਖ ਨਹੀਂ ਹੁੰਦੇ। ਉਹਨਾਂ ਨੂੰ ਵਿਰੋਧੀ ਵਿਚਾਰ ਰੱਖਣ ਵਾਲਿਆਂ ਨੂੰ ਵੀ ਉਸ ਤਰ੍ਹਾਂ ਦਾ ਨਿਆਂ ਦੇਣਾ ਚਾਹੀਦਾ ਹੈ। ਇਹ ਕੋਸ਼ਿਸ਼ ਨਹੀਂ ਕਰਨੀ ਚਾਹੀਦੀ ਕਿ ਮਾੜੇ ਜਾਂ ਚੰਗੇ ਤਰੀਕੇ ਨਾਲ ਆਪਣੇ ਹੀ Group ਜਿੱਤਣ। ਗੁਰੂ ਘਰ ਤਾਂ ਸੇਵਾ ਕਰਨੀ ਹੈ ਕੋਈ ਜਿੱਤ ਜਾਵੇ ਕੋਈ ਫਰਕ ਨਹੀਂ ਚਾਹੀਦਾ।

ਪਰ ਅਜਿਹਾ ਨਹੀਂ ਹੋ ਰਿਹਾ। ਆਪਦੀ ਸਹਿਮਤੀ ਰੱਖਣ ਵਾਲਿਆਂ ਦੀ ਚੰਗੇ ਜਾਂ ਮਾੜੇ ਤਰੀਕੇ ਨਾਲ ਮੱਦਦ ਕੀਤੀ ਜਾਂਦੀ ਹੈ। ਕੋਈ ਹਿਸਾਬ ਕਿਤਾਬ ਵਿਖਾਉਣ ਨੂੰ ਤਿਆਰ ਨਹੀਂ ਹੁੰਦਾ। ਭਾਵੇਂ ਵਕੀਲ ਰਾਹੀਂ ਬੇਨਤੀ ਕਰੋ ਭਾਵੇਂ ਆਪ ਜਾਕੇ। ਜੇਕਰ ਚੋਣ ਦੇ ਸਬੰਧ ਵਿਚ ਕੁਝ ਕਾਗਜ਼ ਪੱਤਰ ਵੇਖਣਾ ਮੰਗਦੇ ਹੋ ਤਾਂ ਫਿਰ ਤੁਸੀਂ ਦਫਤਰ ਵਿਚ ਵੀ ਨਹੀਂ ਵੜ ਸਕਦੇ। ਕਿਤਨੇ ਕੁ ਵੋਟਰ ਹਨ, ਕਿਤਨੇ Duplicate ਕੱਢੇ ਗਏ ਹਨ। ਇਹੋ ਜਿਹੀ ਕੋਈ ਖਬਰ ਸਾਰ ਨਹੀਂ ਦਿੱਤੀ ਜਾਂਦੀ। Voter ਲਿਸਟਾਂ ਵੀ ਅਖੀਰਲੇ ਸਮੇਂ ਤੱਕ ਨਹੀਂ ਦਿੱਤੀਆਂ ਜਾਂਦੀਆਂ।

# ਕੂੜ ਫਿਰੇ ਪਰਧਾਨ ਵੇ ਲਾਲੋ

**ਫਿਰ ਦੋ ਤਰੀਕੇ ਰਹਿ ਜਾਂਦੇ ਹਨ :—**

- **ਲੜਾਈ ਝਗੜਾ ਕੀਤਾ ਜਾਵੇ**
- **ਕਾਨੂੰਨ ਪ੍ਰਣਾਲੀ ਦਾ ਆਸਰਾ ਲਿਆ ਜਾਵੇ।**

ਸੁਲਝੇ ਹੋਏ ਲੋਕੀ ਲੜਾਈ ਝਗੜੇ ਵਿਚ ਯਕੀਨ ਨਹੀਂ ਰੱਖਦੇ ਸਿਰਫ ਕਾਨੂੰਨ ਦੀ ਹੀ ਸਹਾਇਤਾ ਲੈਂਦੇ ਹਨ। ਜਦੋਂ ਕਾਨੂੰਨ ਦੀ ਸਹਾਇਤਾ ਲਈ ਤਾਂ ਜੱਜ ਨੇ ਕਿਹਾ ਕਿ ਵਿਰੋਧੀ ਧਿਰ ਨੂੰ ਚੋਣ ਨਾਲ ਸਬੰਧਤ ਪੇਪਰ ਵੇਖਣ ਦਾ ਉਤਨਾ ਹੀ ਹੱਕ ਹੈ। ਜਦੋਂ ਅਸੀਂ ਬਹੁਤ ਤਕਲੀਫਾਂ ਨਾਲ ਪੇਪਰ ਲਏ ਤਾਂ ਉਹਨਾਂ ਉਪਰ ਨਿਗਰਾਨੀ ਮਾਰੀ ਤਾਂ ਹੇਠ ਲਿਖੀਆਂ ਤਰੁਟੀਆਂ ਨਿਕਲੀਆਂ।

1. ਮੈਂਬਰ India ਗਏ ਹੋਏ ਸਨ ਪਰ ਵੋਟਾਂ ਉਹਨਾਂ ਦੀ ਥਾਂ ਕਿਸੇ ਹੋਰ ਨੇ ਪਾਈਆਂ ਸਨ।
2. 750 ਮੈਂਬਰਾਂ ਦੇ ਨਾਂ ਜਿਥੇ Duplicate Card ਮਿਲਦੇ ਸਨ ਉਸ ਲਿਸਟ ਵਿਚ ਨਾਂ ਹੀ ਨਹੀਂ ਲਿਖੇ ਸਨ। ਜਦੋਂ ਮੈਂਬਰ ਕਾਰਡ ਲੈਣ ਜਾਂਦੇ ਸਨ ਤਾਂ ਕਹਿ ਦਿੱਤਾ ਜਾਂਦਾ ਸੀ ਤੇਰਾ ਵਿੱਚ ਨਾਂ ਨਹੀਂ ਹੈ।
3. 300 ਮੈਂਬਰਾਂ ਦੇ ਨਾਂ ਵਖਰੇ ਸ਼ਹਿਰਾਂ ਵਿਚ ਲਿਖੇ ਹੋਏ ਸਨ।
4. ਸਿਰਫ ਅਸੀਂ 550 ਫਾਰਮ ਚੈਕ ਕੀਤੇ ਹਨ। ਜਿਹੜੇ ਮੈਂਬਰ ਬਣਨ ਵਾਲੇ ਭਰੇ ਜਾਂਦੇ ਹਨ ਉਹਨਾਂ ਵਿਚ 144 ਮੈਂਬਰਾਂ ਦੇ ਦਸਖਤ ਨਹੀਂ ਮਿਲਦੇ। ਮਤਲਬ ਇਹ ਮੈਂਬਰ ਬਣਨ ਵੇਲੇ ਕਿਸੇ ਹੋਰ ਨੇ ਫਾਰਮ ਭਰਿਆ ਤੇ ਵੋਟ ਕਿਸੇ ਹੋਰ ਨੇ ਪਾਈ।
5. ਵੋਟਰ ਲਿਸਟਾਂ ਜਿਹੜੀਆਂ ਸਾਨੂੰ ਦਿੱਤੀਆਂ ਸਨ ਉਹਨਾਂ ਉਪਰੋ ਫੂਨ ਕੱਟੇ ਹੋਏ ਸਨ।
6. Duplicate ਮੈਂਬਰ ਜਿਹੜੇ ਕੱਟੇ ਹੋਏ ਸਨ ਸਾਡੀ ਲਿਸਟ ਤੇ ਉਹ 683 ਸਨ ਅਤੇ ਫਿਰ 913 ਕਰ ਦਿੱਤੇ।
7. ਕੁਝ ਮੈਂਬਰਾਂ ਨੂੰ ਮਿਲਣ ਤੇ ਪਤਾ ਲੱਗਾ ਕਿ ਉਹਨਾਂ ਦੇ ਫਾਰਮ ਆਪ ਹੀ ਭਰੇ ਗਏ ਸਨ।

ਮਾਨਯੋਗ ਜੱਜ ਸਾਹਿਬ ਨੇ ਆਪਣੀ ਜੱਜਮੈਂਟ ਬਹੁਤ ਸਾਰੀਆਂ ਗੱਲਾਂ ਧਿਆਨ ਵਿਚ ਰੱਖਕੇ ਦਿੱਤੀ ਹੈ। ਕਈ ਵਾਰੀ ਵੇਖਿਆ ਹੈ ਕਿ ਖੂਨ ਕਰਨ ਵਾਲਾ ਬਰੀ ਹੋ ਜਾਂਦਾ ਹੈ। ਜੱਜ ਦਾ ਪਤਾ ਨਹੀਂ ਹੁੰਦਾ ਉਸਦੇ ਦਿਲ ਵਿਚ ਕੀ ਆ ਜਾਵੇ। ਜੱਜ ਨੇ ਸੋਚਿਆ ਕਿ ਇਹ ਧਾਰਮਿਕ ਸੁਸਾਇਟੀ ਹੈ, ਜੇਕਰ ਚੋਣ ਦੁਬਾਰਾ ਹੋਈ ਤਾਂ ਪ੍ਰਬੰਧਕ ਕਮੇਟੀ ਨੂੰ ਇਸ ਦਾ ਖਰਚ ਵੀ ਪੈ ਜਾਣਾ ਹੈ। ਇਸ ਕਰਕੇ ਉਸਨੇ ਚੋਣ ਨੂੰ ਇਸ ਤਰ੍ਹਾਂ ਹੀ ਰਹਿਣ ਦਿੱਤਾ।

ਪਰ ਸਭ ਤੋਂ ਜ਼ਰੂਰੀ ਜੋ ਜੱਜ ਸਾਹਿਬ ਨੇ ਸੁਝਾਅ ਦਿੱਤੇ ਹਨ ਉਹ ਵਰਨਯੋਗ ਹਨ

1. ਮੈਂਬਰਸ਼ਿਪ ਕਾਰਡ ਉਪਰ ਫੋਟੋ ਚਾਹੀਦੀ ਹੈ।
2. ਮੈਂਬਰਸ਼ਿਪ ਫਾਰਮ ਜਿਹੜੇ ਭਰੇ ਜਾਂਦੇ ਹਨ ਉਹ ਹਰ ਸ਼ਹਿਰ ਵਿਚ ਦੋ ਬੰਦੇ ਹੋਣ, ਉਹ ਲੈਣ। ਜਿਵੇਂ ਰਿਚਮੰਡ ਦੇ ਫਾਰਮ ਰਿਚਮੰਡ ਦੇ ਦੋ ਸਾਂਝੇ ਮੈਬਰ ਲੈਣ।
3. ਮੈਂਬਰਸ਼ਿਪ ਦੀ ਇਲਾਕੇ ਉਪਰ ਪਾਬੰਦੀ ਲਾਈ ਜਾਵੇ। ਕਿਉਂਕਿ ਜਿਹੜੇ ਮੈਂਬਰ ਸੁਸਾਇਟੀ ਦੇ ਕੰਮਾਂ ਵਿਚ ਭਾਗ ਨਹੀਂ ਲੈਂਦੇ ਉਹ ਮੈਂਬਰ ਨਾ ਬਣਨ। ਸੋ ਮੈਂਬਰਸ਼ਿਪ ਦੀ ਹੱਦਬੰਦੀ ਕੀਤੀ ਜਾਵੇ। ਬਾਹਰਲੇ ਸ਼ਹਿਰਾਂ ਦੇ ਮੈਂਬਰਾਂ ਨੂੰ ਵੋਟ ਦਾ ਹੱਕ ਨਾ ਹੋਵੇ। ਇਹ ਬਹੁਤ ਜ਼ਰੂਰੀ ਨੁਕਤਾ ਹੈ ਕਿ ਉਂਕਿ ਇਕ ਤਾਂ ਵੋਟ ਪਾਉਣ ਆਉਣ ਉਪਰ ਖਰਚ ਹੁੰਦਾ ਹੈ, ਦੂਜਾ ਬਾਹਰ ਦੇ ਸ਼ਹਿਰਾਂ ਦੇ ਲੋਕੀ ਤੰਗ ਹਨ ਕਿ ਸਾਨੂੰ ਵਖਤ ਕਾਹਤੋਂ ਪਾਏ ਹੋਏ ਹਨ। ਤੀਜੀ ਉਹਨਾਂ ਸ਼ਹਿਰਾਂ ਵਿੱਚ ਫੁਟ ਪੈਂਦੀ ਜਾਂਦੀ ਹੈ। ਸਾਨੂੰ ਇਸ ਮਸਲੇ ਉਪਰ ਗੰਭੀਰਤਾ ਨਾਲ ਵਿਚਾਰ ਕਰਨੀ ਚਾਹੀਦੀ ਹੈ ਅਤੇ ਸੰਗਤਾਂ ਦੀ ਸੰਮਤੀ ਅਨੁਸਾਰ ਵਿਧਾਨ ਵਿਚ ਸੋਧ ਕਰਨ ਲਈ ਕਦਮ ਚੁੱਕਣੇ ਚਾਹੀਦੇ ਹਨ।
4. ਜੋ ਵੀ ਰਿਕਾਰਡ ਮੈਂਬਰਸ਼ਿਪ ਅਤੇ ਚੋਣ ਨਾਲ ਸਬੰਧਤ ਹੈ ਉਹ ਸਾਰਿਆਂ ਨੂੰ ਮਿਲਣਾ ਚਾਹੀਦਾ ਹੈ।

ਇਹ ਸਾਰੇ ਹੀ ਸੁਝਾਅ ਬਹੁਤ ਕੀਮਤੀ ਹਨ। ਸਾਡਾ ਮੈਂਬਰਾਂ ਦਾ ਫਰਜ਼ ਬਣਦਾ ਹੈ ਕਿ ਅਸੀਂ ਪ੍ਰਬੰਧਕਾਂ ਨੂੰ ਬੇਨਤੀ ਕਰੀਏ ਕਿ ਇਹਨਾਂ ਉਪਰ ਅਮਲ ਕੀਤਾ ਜਾਵੇ।

ਹੁਣ ਸਵਾਲ ਪੈਦਾ ਹੁੰਦਾ ਹੈ ਮੁਕੱਦਮੇ ਦੇ ਖਰਚੇ ਦਾ। ਆਮ ਤੌਰ ਤੇ ਜਿਹੜਾ ਖਰਚ ਕਰਦਾ ਹੈ ਉਸਦਾ ਖਰਚ ਵੱਧ ਹੁੰਦਾ ਹੈ। ਪਰ ਇਥੇ ਇਸਦੇ ਉਲਟ ਹੈ। ਜਿਹਨਾਂ ਨੇ ਕੇਸ ਕੀਤਾ ਉਹਨਾਂ ਦਾ ਖਰਚ 6250 ਡਾਲਰ ਹੈ ਅਤੇ ਸ: ਮੋਤਾ ਸਿੰਘ ਝੀਤਾ ਅਤੇ ਕਮੇਟੀ ਨੇ ਗੁਰੂ ਘਰ ਦਾ 21000 ਡਾਲਰ ਖਰਚ ਕੀਤਾ ਹੈ। ਸਿਰਫ ਤਿੰਨ ਦਿਨ ਵਕੀਲ ਕਚਿਹਰੀ ਵਿਚ ਗਏ ਹਨ।

ਕੋਈ ਗਵਾਹੀ ਨਹੀਂ ਸੀ ਸਿਰਫ ਹਲਫੀਆ ਬਿਆਨ ਹੀ ਸਨ। ਇਹਨਾਂ ਨੇ ਗੁਰੂ ਘਰ ਦੇ ਪੈਸੇ ਨੂੰ ਸੰਗਤਾਂ ਦਾ ਪੈਸਾ ਨਹੀਂ ਸਮਝਿਆ ਅਤੇ ਉਸਨੂੰ ਹੜ੍ਹ ਵਾਂਗ ਵਹਾ ਦਿੱਤਾ ਹੈ। ਇਹਨਾਂ ਨੂੰ ਵੀ ਚਾਹੀਦਾ ਸੀ ਕਿ ਇਹ ਆਪਣੇ ਮਿੱਤਰਾਂ, ਰਿਸ਼ਤੇਦਾਰਾਂ ਕੋਲੋਂ ਇਕੱਠੇ ਕਰਕੇ ਲਾਉਂਦੇ ਜਿਸ ਤਰ੍ਹਾਂ ਅਸੀਂ ਕੀਤਾ ਹੈ।

ਵਕੀਲਾਂ ਵਲੋਂ ਇਸ 21000 ਡਾਲਰ ਬਿੱਲ ਦੀ ਪੂਰੀ ਸਟੇਟਮਿੰਟ ਸੰਗਤਾਂ ਨੂੰ ਦਿੱਤੀ ਜਾਣੀ ਚਾਹੀਦੀ ਹੈ।

31 ਦਸੰਬਰ, 1983 ਨੂੰ ਖਾਲਸਾ ਦੀਵਾਨ ਸੁਸਾਇਟੀ ਦੀ ਜਨਰਲ ਮੀਟਿੰਗ ਹੋਈ। ਪਹਿਲਾ ਮਤਾ ਸੀ Financial Report ਖਜ਼ਾਨਚੀ ਸਾਹਿਬ ਨੇ ਪੜ੍ਹੀ। ਬਾਅਦ ਵਿਚ ਆਮ ਤੌਰ ਤੇ ਸਵਾਲ ਪੁੱਛੇ ਜਾਂਦੇ। ਪਰ ਪ੍ਰਧਾਨ ਸਾਹਿਬ ਨੇ ਆਪਣੇ ਪੈਰਾਂ ਤੇ ਪਾਣੀ ਨਹੀਂ ਪੈਣ ਦਿੱਤਾ। ਇਕ ਵੀ ਸਵਾਲ ਪੁੱਛਣ ਦਾ ਟਾਈਮ ਨਹੀਂ ਦਿੱਤਾ। ਪਤਾ ਨਹੀਂ ਕਿਸ ਗੱਲ ਤੋਂ ਡਰਦੇ ਹਨ। ਜਿਹੜੀ ਵੀਡੀਓ ਬਣੀ ਹੈ ਉਹ ਇਸ ਦਾ ਸਬੂਤ ਹਨ।

ਦੂਜਾ ਮਤਾ ਸੀ ਰਹਿਤ ਮਰਯਾਦਾ ਦਾ। ਇਸ ਉਪਰ ਕਾਫੀ ਵਿਚਾਰ ਹੋਈ। ਕੁਝ ਭਾਈ ਸਾਹਿਬ ਇਸ ਨੂੰ By-Laws ਵਿੱਚ ਪਾਉਣਾ ਚਾਹੁੰਦੇ ਸਨ ਅਤੇ ਕੁਝ ਇਸ ਨੂੰ Aims & Objectives ਵਿੱਚ ਪਾਉਣੇ ਚਾਹੁੰਦੇ ਸਨ। ਪ੍ਰਧਾਨ ਸਾਹਿਬ ਚਾਹੁੰਦੇ ਸਨ ਇਸ ਉਪਰ ਵੋਟ ਕਰਵਾਈ ਜਾਵੇ। ਪ੍ਰੰਤੂ ਸੰਗਤ ਨੇ ਕਿਹਾ ਕਿ ਕੌਮ ਵਿੱਚ ਫੁਟ ਨਾ ਪਾਵੋ ਅਸੀਂ ਇਸ ਨੂੰ ਸਰਬ ਸੰਮਤੀ ਨਾਲ ਪਾਸ ਕਰਾਉਣਾ ਚਾਹੁੰਦੇ ਹਾਂ ਅਤੇ ਇਹ ਮਤਾ ਸਰਬ ਸੰਮਤੀ ਨਾਲ ਪਾਸ ਹੋਇਆ। ਤੁਸੀਂ ਆਪ ਹੀ ਹਿਸਾਬ ਲਾਵੋ ਕਿ ਕੌਣ ਪਾਸ ਕਰਵਾਉਣਾ ਚਾਹੁੰਦਾ ਸੀ ਅਤੇ ਕੌਣ ਨਾ।

ਤੀਜਾ ਅਤੇ ਚੌਥਾ ਮਤਾ ਸੀ ਸੰਵਿਧਾਨ ਦੀ ਸੁਧਾਈ ਕਰਨ ਵਾਸਤੇ। ਵਿਚਾਰ ਹੋਈ ਕਿ ਸਾਰਾ ਹੀ ਵਿਧਾਨ ਦੁਬਾਰਾਤਿਆਰ ਕੀਤਾ ਜਾਵੇ ਅਤੇ ਦੋ ਸੱਜਣ ਭਾਈ ਜਰਨੈਲ ਸਿੰਘ ਭੰਡਾਲ ਦੀ ਸਲੇਟ ਦੇ ਅਤੇ ਦੋ ਭਾਈ ਅਜੀਤ ਸਿੰਘ ਨੱਨਰ ਹੁਣਾਂ ਦੀ ਸਲੇਟ ਵਲੋਂ ਹੋਣ ਅਤੇ ਪੰਜਵੇਂ ਪ੍ਰਧਾਨ ਸਾਹਿਬ ਹੋਣ। ਇਹ ਸਾਰੀਆਂ ਵਿਚਾਰਾਂ ਕਰਕੇ ਵਿਧਾਨ ਫਿਰ ਲਿਖਕੇ ਸੰਗਤਾਂ ਦੇ ਸਾਹਮਣੇ ਲਿਆਉਣ ਤੇ ਫਿਰ ਸੰਗਤ ਦੀ ਮਨਜ਼ੂਰੀ ਨਾਲ ਪਾਸ ਕੀਤਾ ਜਾਵੇ। ਬਹੁਤ ਚੰਗੀ ਗੱਲ ਸੀ। ਭਾਈ ਜਰਨੈਲ ਸਿੰਘ ਭੰਡਾਲ ਹੁਣਾਂ ਭਾਈ ਨਿਰਮਲ ਸਿੰਘ ਦਿਆਲ ਤੇ ਭਾਈ ਕੇਸਰ ਸਿੰਘ ਭਟੀ ਹੁਣੀ ਮੈਂਬਰ ਦਿਤੇ ਤੇ ਭਾਈ ਨੱਨਰ ਸਾਹਿਬ ਨੇ ਭਾਈ ਦਲਜੀਤ ਸਿੰਘ ਸੰਧੂ ਤੇ ਭਾਈ ਸੁਰਿੰਦਰ ਸਿੰਘ ਜੱਬਲ। ਇਕ ਮੀਟਿੰਗ ਹੋਈ। ਉਸ ਮੀਟਿੰਗ ਵਿਚ ਹੀ ਭਾਈ ਦਲਜੀਤ ਸਿੰਘ ਸੰਧੂ ਤੇ ਭਾਈ ਸੁਰਿੰਦਰ ਸਿੰਘ ਜੱਬਲ ਹੁਣੀ ਕਹਿਣ ਲੱਗੇ ਅਸੀਂ ਸਿਰਫ ਦੋ ਮਤਿਆਂ ਉਪਰ ਹੀ ਵਿਚਾਰ ਕਰਨੀ ਹੈ ਸਾਰੇ ਵਿਧਾਨ ਵਿਚ ਸੋਧ ਨਹੀਂ। ਪ੍ਰਧਾਨ ਸਾਹਿਬ ਨੇ ਕਿਹਾ ਚੰਗਾ ਅਗਲੇ ਬੁੱਧਵਾਰ ਫਿਰ ਮੈਂ ਟੈਲੀਫੋਨ ਕਰਾਂਗਾ, ਅੱਜ ਉਹ ਬੁੱਧਵਾਰ ਆਉਂਦਾ ਹੈ ਕਦੀ ਕਿਸੇ ਨੇ ਟੈਲੀਫੋਨ ਨਹੀਂ ਕੀਤਾ। ਇਹ ਸਬੂਤ ਹੈ ਇਹਨਾਂ ਦੀ ਚਲਾਕੀ ਦਾ।

ਬਹੁਤਾ ਕੁਝ ਨਾ ਲਿਖਦੇ ਹੋਏ ਸਾਨੂੰ ਧਾਰਮਿਕ ਸੰਸਥਾ ਦੇ ਪ੍ਰਬੰਧ ਲਈ ਸੱਚੀ ਤੇ ਸੁੱਚੀ ਸੋਚਣੀ ਨਾਲ ਇਨਸਾਫ ਨਾਲ ਚੋਣ ਦਾ ਪ੍ਰਬੰਧ ਸੰਗਤਾਂ ਦੀ ਸਾਂਝੀ ਕਮੇਟੀ ਦੀ ਨਿਗਰਾਨੀ ਹੇਠ ਕਰਵਾਉਣਾ ਚਾਹੀਦਾ ਹੈ ਤਾਂ ਜੋ ਸਾਰਿਆਂ ਨੂੰ ਇਨਸਾਫ ਮਿਲ ਸਕੇ।

ਸੰਗਤਾਂ ਦੇ ਧੰਨਵਾਦ ਸਹਿਤ,
ਮੈਂਬਰਾਨ ਖਾਲਸਾ ਦੀਵਾਨ ਸੁਸਾਇਟੀ
8000 ਰੌਸ ਸਟਰੀਟ, ਵੈਨਕੂਵਰ ਬੀ. ਸੀ.

# ਧਾਰਮਿਕ ਦਰਪਣ

## ਮੂਲ ਮੰਤ੍ਰ

(ਕਿਸ਼ਤ ਅਠਵੀਂ)

### ਗੁਰ ਪ੍ਰਸਾਦਿ

ਹਰਚੰਦ ਸਿੰਘ (ਮੈਨੀਟੋਬਾ)

ਜਿੱਥੇ ਮਨੁੱਖ ਪ੍ਰਮਾਤਮਾ ਨੂੰ ਆਕਾਰ ਰਹਿਤ (ੳ-ਅੰ-ਕਾਰ) ਅਤੇ ਆਪਣੇ ਆਪ ਤੋਂ ਉਪਜਿਆ ਹੋਇਆ (ਸੈ-ਭੰ) ਪੁਰਖ ਮੰਨਣ ਵਿਚ ਕਾਫੀ ਕਠਨਾਈ ਪ੍ਰਤੀਤ ਕਰਦਾ ਹੈ, ਓਥੇ ਉਸਦੇ ਸੀਮਿਤ ਸੱਤਾ ਰੱਖਣ ਵਾਲੇ ਮਨ ਅੰਦਰ ਇਕ ਭਾਵ-ਪੂਰਨ ਪ੍ਰਸ਼ਨ ਵੀ ਉਠਦਾ ਹੈ। ਜੇ ਉਹ ਪੁਰਖ ਸਚ ਮੁੱਚ ਨਿਰ-ਆਕਾਰ ਹੈ, ਜਿਸ ਦਾ ਨਾ ਕੋਈ ਰੰਗ ਹੈ ਨਾ ਰੂਪ, ਨਾ ਲੰਬਾਈ ਹੈ ਨਾ ਚੌੜਾਈ, ਜਿਸ ਵਿਚ ਨਾ (ਜ਼ਬਾਨ ਦੀ) ਮਿਠਾਸ ਦਾ ਗੁਣ ਹੈ ਨਾ ਮਲਾਇਮਤਾ ਦਾ, ਜਿਸ ਨੂੰ ਨਾ ਕੰਨਾਂ ਨਾਲ ਸੁਣਿਆ ਜਾ ਸਕਦਾ ਹੈ ਨਾ ਹੱਥਾਂ ਨਾਲ ਛੋਹਿਆ ਜਾ ਸਕਦਾ ਹੈ, ਤਾਂ ਫੇਰ ਉਸ ਨੂੰ ਕਿਸ ਤਰ੍ਹਾਂ ਜਾਣਿਆ ਜਾ ਸਕਦਾ ਹੈ ? ਇਸ ਪ੍ਰਸ਼ਨ ਦਾ ਗੁਰੂ ਜੀ ਵਲੋਂ ਉਤਰ ਹੈ :

"ਸਤਿ ਗੁਰ ਪ੍ਰਸਾਦਿ।"

ਉਸ ਮਹਾਨ ਪੁਰਖ ਨੂੰ ਸੱਚੇ ਗੁਰੂ ਦੇ ਦਿੱਤੇ ਉਪਦੇਸ਼ ਰਾਹੀਂ ਜਾਣਿਆ ਜਾ ਸਕਦਾ ਹੈ।

ਸੀਮਿਤ ਬੌਧਿਕ ਸ਼ਕਤੀ ਰੱਖਣ ਵਾਲਾ ਮਨੁੱਖ, ਨਿਰੇ-ਪੁਰੇ ਆਪਣੇ ਸਾਧਨਾਂ ਦੇ ਆਸਰੇ, ਉਸ ਅਦੁੱਤੀ ਪੁਰਖ ਨੂੰ ਕਦੇ ਵੀ ਸਮਝਣ ਦੇ ਸਮਰਥ ਨਹੀਂ ਹੋ ਸਕਦਾ। ਮਨੁੱਖ, ਸੱਚੇ ਗੁਰੂ ਦੀ ਸਿੱਖਿਆ ਗ੍ਰਹਿਣ ਕਰ, ਨਾ ਕੇਵਲ ਪ੍ਰਮਾਤਮਾ ਨੂੰ ਜਾਣ ਹੀ ਸਕਦਾ ਹੈ, ਸਗੋਂ ਉਸ ਨੂੰ ਪ੍ਰਾਪਤ ਕਰ, ਉਹ ਮਹਾਨ ਆਤਮਾ ਵਿਚ ਆਪਣੀ ਛੋਟੀ ਆਤਮਾ ਦਾ ਪੂਰਨ ਰੂਪ ਵਿਚ ਸਮਾਵੇਸ਼ ਵੀ ਕਰ ਸਕਦਾ ਹੈ। ਸਰੀਰ ਅੰਦਰ ਜਗ ਰਹੀ ਛੋਟੀ ਜੇਹੀ ਜੋਤ ਦੇ, ਸਰਵ-ਵਿਆਪਕ ਮਹਾਨ ਜੋਤ ਵਿਚ ਸਮਾ ਜਾਣ ਦੇ ਨਾਲ ਹੀ, ਮਨੁੱਖੀ ਸਰੀਰ ਨਾਲ ਸੰਬੰਧਤ ਸਭ ਦੋਸ਼ਾਂ ਅਤੇ ਦੁੱਖਾਂ ਦਾ ਪੂਰਨ ਤੌਰ ਤੇ ਅੰਤ ਹੋ ਜਾਂਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ੳ-ਅੰ-ਕਾਰ ਪੁਰਖ ਦਾ ਅਨੁਭਵੀ ਗਿਆਨ ਪ੍ਰਾਪਤ ਕਰਨ ਲਈ ਸੱਚੇ ਗੁਰੂ ਦੀ ਆਵੱਸ਼ਕਤਾ ਦਰਸਾਈ ਹੈ। ਉਹਨਾਂ ਦਾ 'ਗੁਰੂ' ਪਦ ਤੋਂ ਕੀ ਭਾਵ ਹੈ ? ਸਿੱਖ ਲਈ 'ਗੁਰੂ' ਤੋਂ ਭਾਵ ਕਿਸੇ ਸਰੀਰ-ਧਾਰੀ ਵਿਅਕਤੀ ਜਾਂ ਸਫੈਦ-ਪੋਸ਼ 'ਸਾਧ-ਸੰਤ' ਤੋਂ ਨਹੀਂ ਹੈ। ਸਾਡੇ ਸ਼ਾਤਰਾਂ ਲਈ ਇਹ ਜਾਣਨਾ ਬੜਾ ਜ਼ਰੂਰੀ ਹੈ ਕਿ ਇਹਨਾਂ ਅਖੌਤੀ ਸੰਤਾਂ ਦੇ ਸਫੈਦ ਬਸਤਰਾਂ ਦੇ ਥੱਲੇ ਮਿੱਟੀ, ਪਾਣੀ, ਅੱਗ, ਹਵਾ ਅਤੇ ਆਕਾਸ਼ ਦੇ ਤਤਾਂ ਨਾਲ ਬਣਿਆ ਹੋਇਆ ਐਸਾ ਹੀ ਸਰੀਰ ਹੈ ਜੋ ਸਾਡੇ ਆਪਣੇ ਸਰੀਰ ਨਾਲੋਂ ਕਿਸੇ ਤਰਾਂ ਵੀ ਵੱਖਰਾ ਨਹੀਂ ਹੈ। ਪੰਜ ਤੱਤਾਂ ਦਾ ਇਹ ਸਰੀਰ ਆਪਣੇ ਅੰਦਰ ਕਾਮ, ਕਰੋਧ, ਲੋਭ ਆਦਿ, ਪੰਜ ਸ਼ਤਰੂਆਂ ਨੂੰ ਪਨਾਹ ਦੇ ਰਿਹਾ ਹੈ। ਜਿਸ ਘਰ ਉਪਰ ਇਹਨਾਂ ਪੰਜ ਬਲਵਾਨ ਦੂਤਾਂ ਦਾ ਥੋੜਾ ਬਹੁਤ ਵੀ ਪਰਛਾਵਾਂ ਹੋਵੇ ਉਸ ਘਰ ਅੰਦਰ ਉਸ ਗਿਆਨ ਦਾ ਪੂਰਨ ਰੂਪ ਵਿਚ ਪ੍ਰਕਾਸ਼ ਨਹੀਂ ਹੋ ਸਕਦਾ ਜੋ ਦੂਸਰੇ ਵਿਅਕਤੀਆਂ ਦੇ ਅਗਿਆਨ ਅਨ੍ਹੇਰੇ ਨੂੰ ਦੂਰ ਕਰਨ ਦੇ ਯੋਗ ਹੋ ਸਕੇ। ਸ੍ਰੀ ਗੁਰੂ ਅਰਜਨ ਦੇਵ ਜੀ ਆਪਣੇ ਸ਼ਾਤਰਾਂ ਨੂੰ ਬੜੇ ਸਪਸ਼ਟ ਅੱਖਰਾਂ ਦੁਆਰਾ ਖ਼ਬਰਦਾਰ ਕਰਦੇ ਹਨ ਕਿ ਇਸ ਸੰਸਾਰ ਅੰਦਰ ਪ੍ਰਮਾਤਮਾ ਦਾ ਸੱਚਾ ਸੰਤ-ਸੇਵਕ ਕਰੋੜਾਂ ਵਿਚੋਂ ਕੋਈ ਇਕ ਅੱਧ ਹੀ ਮਿਲਦਾ ਹੈ, ਬਾਕੀ ਲੋਕ ਸੰਤਾਂ ਦੇ ਬਾਣੇ ਵਿਚ ਆਪਣਾ ਆਰਥਿਕ ਵਿਹਾਰ ਹੀ ਚਲਾ ਰਹੇ ਹਨ। ਫਰਮਾਨ ਹੈ :

ਕੋਟਿ ਮਧੇ ਕੋ ਵਿਰਲਾ ਸੇਵਕੁ,<br>
ਹੋਰਿ ਸਗਲੇ ਬਿਉਹਾਰੀ।

(495 : 10)

ਭਾਵ ਇਹ ਹੈ ਕਿ ਇਹਨਾਂ ਭੱਦਰ ਪੁਰਸ਼ਾਂ ਨੇ ਰੋਟੀਆਂ ਦਾ ਧੰਧਾ ਪੂਰਨ ਲਈ ਇਕ ਸਨਮਾਨਿਤ ਅਤੇ ਸੌਖਾ ਪੇਸ਼ਾ ਅਪਣਾਇਆ ਹੋਇਆ ਹੈ।

ਗੁਰੂ ਸਾਹਿਬ ਵਲੋਂ ਦਿੱਤੀ ਹੋਈ ਚੇਤਾਵਨੀ ਨੂੰ ਭੁਲਾ, ਕਿਸੇ ਵਿਅਕਤੀ ਦੇ ਸਫੈਦ ਕਪੜੇ ਵੇਖ, ਉਸ ਨੂੰ ਸੰਤ ਜਾਂ ਗੁਰੂ ਸਮਝ, ਉਸਦੇ ਪਿਛੇ ਲੱਗ ਜਾਣਾ, ਸਿੱਖ ਸ਼ਾਤਰ ਲਈ ਸਿਆਣਪ ਦਾ ਕੰਮ ਨਹੀਂ ਹੈ।

'ਗੁਰ' ਜਾਂ 'ਗੁਰੂ' ਦਾ ਅੱਖਰੀ ਅਰਥ ਹੈ 'ਅਨ੍ਹੇਰੇ' ਨੂੰ ਦੂਰ ਕਰਨ ਵਾਲਾ ਪ੍ਰਕਾਸ਼।' ਸਿੱਖ ਸ਼ਾਤਰ ਲਈ ਇਸ ਪਦ ਦੇ ਤਿੰਨ ਭਾਵ ਹਨ :

ੳ. ਵਿਅਕਤੀ ਗੁਰੂ, ਨਾਨਕ ਦੇਵ ਤੋਂ ਲੈ ਕੇ ਗੋਬਿੰਦ ਸਿੰਘ ਤਾਈਂ ਅਗਿਆਨ ਅਨ੍ਹੇਰੇ ਨੂੰ ਦੂਰ ਕਰਨ ਵਾਲੇ ਰੂਹਾਨੀ ਅਧਿਆਪਕ।

ਅ. ਸ਼ਬਦ-ਗੁਰੂ, ਅਕਾਲ ਪੁਰਖ ਦਾ ਭੇਜਿਆ ਹੋਇਆ ਸ਼ਬਦ (ਬਾਣੀ - ਸੰਗ੍ਰਿਹ) ਜੋ ਸ੍ਰੀ ਆਦਿ ਗਰੰਥ ਵਿਚ ਦਰਜ ਹੈ।

ੲ. ਕਰਤਾਰ-ਗੁਰੂ, ਜਾਂ ਅਕਾਲ ਪੁਰਖ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫਰਮਾਨ ਹੈ :

ਅਪਰੰਪਰ ਪਾਰਬ੍ਰਹਮ ਪਰਮੇਸਰੁ,<br>
ਨਾਨਕ ਗੁਰ ਮਿਲਿਆ ਸੋਈ ਜੀਉ।(599 : 6)

ਸਿੱਖ ਵਿਸ਼ਵਾਸ਼ ਵਿਚ ਪੰਜ-ਭੌਤਿਕ ਸ਼ਰੀਰ ਰੱਖਣ ਵਾਲੇ ਗੁਰੂ ਸਾਹਿਬਾਨ, ਸ਼ਬਦ-ਗੁਰੂ, ਅਤੇ ਅਕਾਲ ਪੁਰਖ, ਆਪਣੇ ਮੂਲ ਜਾਂ ਤੱਤ (essence) ਵਿਚ ਸਮਰੂਪ (identical) ਸਮਝੇ ਜਾਂਦੇ ਹਨ।

ਗੁਰੂ ਪਦ ਦੇ ਪਹਿਲਿ ਦੋ ਭਾਵਾਂ ਤੋਂ ਆਮ ਸਿੱਖ ਭਲੀ ਪ੍ਰਕਾਰ ਜਾਣੂ ਹਨ, ਪਰ ਪਾਰਬ੍ਰਹਮ ਪ੍ਰਮੇਸ਼ਰ ਦੇ ਗੁਰੂ ਹੋਣ ਦੇ ਵਿਚਾਰ ਤੋਂ ਸਿੱਖ ਜਗਤ ਦੀ ਬਹੁਤ ਘੱਟ ਗਿਣਤੀ ਹੀ ਜਾਣਕਾਰੀ ਰੱਖਦੀ ਹੈ, ਬੇਸ਼ਕ ਇਹ ਵਿਚਾਰ ਗੁਰਬਾਣੀ ਅੰਦਰ ਕਈ ਵਾਰ ਪ੍ਰਗਟ ਕੀਤਾ ਹੋਇਆ ਮਿਲਦਾ ਹੈ। ਸ੍ਰੀ ਗੁਰੂ ਰਾਮਦਾਸ ਜੀ ਦੱਸਦੇ ਹਨ :

ਸਤਿਗੁਰੁ ਮੇਰਾ ਸਦਾ ਸਦਾ,<br>
ਨਾ ਆਵੈ ਨ ਜਾਇ।<br>
ਓਹੁ ਅਬਿਨਾਸ਼ੀ ਪੁਰਖੁ ਹੈ,<br>
ਸਭ ਮਹਿ ਰਹਿਆ ਸਮਾਇ। (759 : 7)

ਏਸੇ ਵਿਚਾਰ ਦੀ ਪੁਸ਼ਟੀ ਕਰਦੇ ਹੋਏ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਦੇ ਪਹਿਲੇ ਸਲੋਕ ਵਿਚ ਪ੍ਰਮਾਤਮਾ ਨੂੰ 'ਆਦਿ ਗੁਰ', 'ਜੁਗਾਦਿ ਗੁਰ' ਅਤੇ 'ਗੁਰਦੇਵ' ਦੇ ਨਾਵਾਂ ਨਾਲ ਸੰਬੋਧਤ ਕੀਤਾ ਹੈ। ਏਸ ਸਬੰਧ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਫਰਮਾਨ ਹੈ :

ਆਦਿ ਅੰਤਿ ਏਕੈ ਅਵਤਾਰਾ।<br>
ਸੋਈ ਗੁਰੂ ਸਮਝਿਯਹੁ ਹਮਾਰਾ। (ਚੌਪਈ 9)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਆਪਣਾ ਸਰੀਰ ਤਿਆਗਣ ਤੋਂ ਪਿਛੋਂ, ਇਕ ਸਵਾਲ ਵਾਰ ਵਾਰ, ਕਿਸੇ ਨਾ ਕਿਸੇ ਰੂਪ ਵਿਚ ਸਿੱਖ ਜਗਤ ਦੇ ਸਾਹਮਣੇ ਆਉਂਦਾ ਰਿਹਾ ਹੈ। ਸਵਾਲ ਇਹ ਹੈ : ਕੀ ਗੁਰੂ ਦਾ ਸਰੀਰ-ਧਾਰੀ ਹੋਣਾ ਜ਼ਰੂਰੀ ਹੈ ? ਏਥੇ ਅਸੀਂ ਇਸ ਸਵਾਲ ਦਾ ਜੁਆਬ ਦੇਣ ਦਾ ਜਤਨ ਕਰਾਂਗੇ। (ਚਲਦਾ)

## ਬੱਚਿਆਂ ਲਈ — ਬੁੱਝ ਸਕੋਂ ਤਾਂ ਬੁੱਝੋ !

1. ਇਕ ਆਦਮੀ ਦੇ ਸੱਠ ਝੱਗੇ।
2. ਗੋਲ ਮੋਲ ਕੋਠੜੀ ਦਰਵਾਜ਼ਾ ਹਈਓ ਨਾ।
3. ਬਾਤ ਪਾਵਾਂ ਬਤੋਲੀ ਪਾਵਾਂ ਬਾਤ ਨੂੰ ਲਾਵਾਂ ਟੋਕਰੇ<br>ਸਾਰਾ ਟੱਬਰ ਸੌਂ ਗਿਆ — ਬਾਪੂ ਮਾਰੇ ਹੋਕਰੇ।
4. ਹਫੜਾ ਦਫੜੀ ਪਈ ਕੁੜੇ, ਸਿਰਮੁੰਨੀ ਕਿਧਰ ਗਈ ਕੁੜੇ
5. ਅਜਬ ਡਿੱਠੀ ਇਕ ਕੁੜੀ — ਰਾਜੇ ਪੱਗ ਲੁਹਾਈ।
6. ਰੰਗ ਬਰੰਗੀ ਭਾਈਆਂ ਪਿੱਟੀ — ਖਾਵੇ ਤੇਲ ਉਡਾਵੇ ਮਿੱਟੀ।,
7. ਹੱਥਾਂ ਬਾਝੋਂ ਪੈਰਾਂ ਬਾਝੋਂ — ਇਧਰ ਉਧਰ ਜਾਵੇ<br>ਮੂੰਹ ਜੀਭ ਜਾਂ ਦੰਦ ਕੋਈ ਨਾ — ਫਿਰ ਵੀ ਹਾਲ ਸੁਣਾਵੇ।
8. ਐਸਾ ਦੱਸੋ ਕੌਣ ਸ਼ੈਤਾਨ — ਨੱਕ ਤੇ ਬੈਠੇ ਜੋ ਪਕੜੇ ਕਾਨ।
9. ਹਰੇ ਘਾਹ ਵਰਗੇ — ਚਿੱਟੇ ਕਪਾਹ ਵਰਗੇ<br>ਮੂੰਹ ਖੋਤੇ ਵਰਗਾ — ਸੁਆਦ ਖੋਪੇ ਵਰਗਾ।
10. ਏਧਰ ਕਾਠ — ਓਧਰ ਕਾਠ<br>ਵਿਚ ਬੈਠਾ ਜਗਨ ਨਾਥ।

### ਪਿਛਲੇ ਹਫਤੇ ਦੀਆਂ ਬੁਝਾਰਤਾਂ ਦੇ ਉੱਤਰ

1.ਖੁਰਪਾ 2.ਗਜ਼ 3.ਗੁੱਤ 4.ਚਰਖਾ 5.ਤੱਕੜੀ 6.ਦਾਤੀ 7.ਨਾਲਾ 8.ਦੁੱਧ ਦਹੀਂ ਮੱਖਣ ਲੱਸੀ 9.ਚੂਹੇ ਦਾ ਕੁੰਡਾ 10. ਮਸ਼ਕ


ਡੇਵੀਜ਼ ਸੈਂਡ ਐਂਡ ਗਰੈਵਲ ਲਿਮ:

ਹਰ ਕਿਸਮ ਦੀ ਗਰੈਵਲ, ਮਿੱਟੀ ਆਦਿ





450ਸੀ—6 ਵੇਅ ਬਲੇਡ 10'

ਟਰੱਕ ਲੋਡਰਜ਼ ਜੇ ਡੀ 555/ਕੈਟ 955 ਐਲ

3 ਵੀਲ ਲੋਡਰਜ਼

5-ਟੈਂਡਮ ਡੰਪਸ ਐਂਡ ਲੋਬਿਡ

Lloyd Davies

826-6736

10080 Mountainview Rd.

R.R. 3, Mission, B.C. V2V 4J1


## 'ਕੈਨੇਡਾ ਦਰਪਣ' ਦਾ ਵਿਸਾਖੀ ਅੰਕ

ਪਾਠਕਾਂ, ਲੇਖਕਾਂ ਅਤੇ ਵਿਉਪਾਰੀ ਵੀਰਾਂ ਨੂੰ ਬੇਨਤੀ ਹੈ ਕਿ 'ਕੈਨੇਡਾ ਦਰਪਣ' ਦਾ 13 ਅਪਰੈਲ ਦਾ ਅੰਕ ਸਪੈਸ਼ਲ ਵਿਸਾਖੀ ਅੰਕ ਹੋਵੇਗਾ। ਲੇਖਕ ਵੀਰ ਰਚਨਾਵਾਂ ਭੇਜਣ ਅਤੇ ਵਿਉਪਾਰੀ ਵੀਰ ਇਸ਼ਤਿਹਾਰਾਂ ਲਈ ਥਾਂ ਰਾਖਵੀ ਪਹਿਲਾਂ ਹੀ ਕਰਵਾ ਲੈਣ। ਹੋਰ ਜਾਣਕਾਰੀ ਲਈ ਫੋਨ ਕਰੋ — 321-6360


ਭਾਰਤ ਜਾਣ ਦੀ ਤਿਆਰੀ ਹੈ?

East West Travel Ltd.

ਹਵਾਈ ਟਿਕਟਾਂ

ਸਾਥੋਂ ਹਰ ਏਅਰਲਾਈਨ ਦੀਆਂ ਹਵਾਈ ਟਿਕਟਾਂ ਮਿਲਦੀਆਂ ਹਨ।



Special for India, Pakistan, Fiji and West Indies.

Mike Brar

ਭਾਰਤ, ਪਾਕਿਸਤਾਨ, ਦੁਨੀਆਂ ਦੇ ਕਿਸੇ ਵੀ ਕੋਨੇ ਜਾਣ ਵਾਸਤੇ ਟਿਕਟਾਂ ਲਈ ਆਪਣੇ ਹਰਮਨ ਪਿਆਰੇ ਈਸਟ ਵੈਸਟ ਟਰੇਵਲ ਨੂੰ ਯਾਦ ਰੱਖੋ ਜਿਥੇ ਤੁਹਾਡੀਆਂ ਸਭ ਸਹੂਲਤਾਂ ਦਾ ਖਿਆਲ ਰੱਖਿਆ ਜਾਂਦਾ ਹੈ।

ਮਲਕੀਤ ਬਰਾੜ ਨੂੰ ਫ਼ੋਨ ਕਰੋ

Ph.(403)235-3661

#206-3517, 17 Ave. S.E. Calgary, Alta

T2A 0R5



Harcharan S. Sanghera

B.A.,(Hons.)B.T.

We wish to let everybody know, that Harry, salesman has rejoined our firm, and is eager to help in matters of real estate.



Call (403)274-9586

COMMISSIONER FOR OATHS

HEIN REAL ESTATE CORPORATION 272-3382



SUNSET PRINTING LTD.

4277 Fraser Street, Vancouver, B.C. V5V 4G1

(604)874-2023

- Bus. Cards
- Envelopes
- Letterheads
- Numbering

- Flyers
- NCR Forms
- Crash Imprints
- Work Orders

- ਬਿਜ਼ਨਿਸ ਕਾਰਡ
- ਲਿਫਾਫੇ
- ਲੈਟਰਹੈੱਡਜ
- ਨੰਬਰਿੰਗ

- ਇਸ਼ਤਿਹਾਰ
- ਐਨ. ਸੀ. ਆਰ. ਫਾਰਮ
- ਕਰੈਸ਼ ਇੰਪਰੈਂਟਜ਼
- ਵਰਕ ਆਰਡਰ

# ਜਿੱਨਾਹ ਤੇ ਅੰਗ੍ਰੇਜ਼ਾਂ ਦੀ ਪੇਸ਼ਕਸ਼ ਬਾਰੇ ਅਕਾਲੀਆਂ ਦੇ ਦਾਅਵੇ

ਚ ਰ ਚਾ

**●ਜਿੱਨਾਹ ਅਕਾਲੀਆਂ ਨੂੰ ਘਟੀਆ ਸਮਝਦੇ ਸਨ ਤੇ ਅਕਾਲੀਆਂ ਦਾ ਖਿਆਲ ਸੀ ਕਿ ਪਾਕਿਸਤਾਨ ਦਾ ਸਾਥ ਦੇਣ ਦਾ ਮਤਲਬ ਸਿੱਖ ਪੰਥ ਦਾ ਖਾਤਮਾ ਹੈ ●ਮਹਾਰਾਜਾ ਫ਼ਰੀਦਕੋਟ ਤੇ ਮਹਾਰਾਜਾ ਪਟਿਆਲਾ ਅਕਾਲੀਆਂ ਨਾਲ ਰਹਿ ਕੇ ਅੰਗਰੇਜ਼ਾਂ ਦੇ ਏਜੰਟ ਬਣੇ ਰਹੇ ●ਗਿਆਨੀ ਕਰਤਾਰ ਸਿੰਘ ਨੇ ਰਾਜਾ ਫ਼ਰੀਦਕੋਟ ਨੂੰ ਕਿਹਾ ਸੀ ਕਿ ਫ਼ਿਰੋਜ਼ਪੁਰ ਅਤੇ ਲੁਧਿਆਣਾ ਤੇ ਕਬਜ਼ਾ ਕਰ ਲਓ ●ਮਾਊਂਟਬੇਟਨ ਦੀ ਧਮਕੀ ਤੇ ਬਲਦੇਵ ਸਿੰਘ ਕੰਬ ਉਠੇ ●ਅਕਾਲੀ ਯੋਜਨਾ ਅਕਾਲੀ ਪੱਤਰਕਾਰ ਦੀ ਗਲਤੀ ਨਾਲ ਗਵਰਨਰ ਦੇ ਹੱਥ ਲਗ ਗਈ—ਬ੍ਰਿਟਿਸ਼ ਸਰਕਾਰ ਵਲੋਂ ਛਾਪੇ ਗਏ ਗੁਪਤ ਦਸਤਾਵੇਜ਼ਾਂ ਤੋਂ ਇੰਕਸ਼ਾਫ**

ਬ੍ਰਿਟਿਸ਼ ਸਰਕਾਰ ਨੇ ਪਿਛਲੇ ਕੁਝ ਸਾਲਾਂ ਦੌਰਾਨ ਭਾਰਤ ਦੀ ਵੰਡ ਤੋਂ ਪਹਿਲਾਂ ਦੀਆਂ ਸਿਆਸੀ ਸਰਗਰਮੀਆਂ ਬਾਰੇ ਅਤਿਅੰਤ ਮਹੱਤਵਪੂਰਨ ਦਸਤਾਵੇਜ਼ 12 ਵੱਡੇ ਵੱਡੇ ਹਿੱਸਿਆਂ ਵਿਚ ਪ੍ਰਕਾਸ਼ਤ ਕੀਤੇ ਹਨ । ਲਗਭਗ 16 ਹਜ਼ਾਰ ਸਫਿਆਂ ਦੀਆਂ ਇਨ੍ਹਾਂ ਕਿਤਾਬਾਂ ਵਿਚ ਇਸ ਤਰ੍ਹਾਂ ਦੇ ਅਹਿਮ ਇੰਕਸ਼ਾਫ ਕੀਤੇ ਗਏ ਹਨ ਕਿ ਜੇ ਇਨ੍ਹਾਂ ਦਾ ਗਹਿਰਾਈ ਨਾਲ ਅਧਿਅਨ ਕੀਤਾ ਜਾਵੇ ਤਾਂ ਇਸ ਤਰ੍ਹਾਂ ਦੀਆਂ ਗੱਲਾਂ ਦਾ ਪਤਾ ਲੱਗਦਾ ਹੈ, ਜਿਹੜੀਆਂ ਇਸ ਤੋਂ ਪਹਿਲਾਂ ਕਿਸੇ ਅਖਬਾਰ ਵਿਚ ਨਹੀਂ ਛਪੀਆਂ । ਅੱਜ ਪੰਜਾਬ ਵਿਚ ਅਕਾਲੀਆਂ ਵਲੋਂ ਜਿਹੜਾ ਅੰਦੋਲਨ ਚਲਾਇਆ ਜਾ ਰਿਹਾ ਹੈ, ਉਸ ਦਾ ਪਿਛੋਕੜ ਇਨ੍ਹਾਂ ਦਸਤਾਵੇਜ਼ਾਂ ਨੂੰ ਪੜ੍ਹਨ ਨਾਲ ਚੰਗੀ ਤਰ੍ਹਾਂ ਸਮਝ ਵਿਚ ਆ ਸਕਦਾ ਹੈ । ਅਕਾਲੀ ਨੇਤਾਵਾਂ ਵਲੋਂ ਆਮ ਤੌਰ ਤੇ ਇਹ ਪ੍ਰਚਾਰ ਕੀਤਾ ਜਾਂਦਾ ਹੈ ਕਿ ਜਿੱਨਾਹ ਨੇ ਉਨ੍ਹਾਂ ਨੂੰ ਖਾਲਿਸਤਾਨ ਦੀ ਪੇਸ਼ਕਸ਼ ਕੀਤੀ ਸੀ । ਬ੍ਰਿਟਿਸ਼ ਸਰਕਾਰ ਉਨ੍ਹਾਂ ਨੂੰ ਬਹੁਤ ਕੁਝ ਦੇਣਾ ਚਾਹੁੰਦੀ ਸੀ ਤੇ ਕਾਂਗਰਸੀ ਨੇਤਾਵਾਂ ਨੇ ਉਨ੍ਹਾਂ ਨਾਲ ਬਹੁਤ ਵਾਅਦੇ ਕੀਤੇ ਸਨ । ਇਨ੍ਹਾਂ ਦਸਤਾਵੇਜ਼ਾਂ ਦੇ ਅਧਿਅਨ ਤੋਂ ਪਤਾ ਲੱਗਦਾ ਹੈ ਕਿ ਇਸ ਪ੍ਰਚਾਰ ਦਾ ਕੋਈ ਸਿਰ ਪੈਰ ਨਹੀਂ ਹੈ । ਜਿੱਨਾਹ ਜਾਂ ਮੁਸਲਿਮ ਲੀਗ ਨੇ ਅਕਾਲੀ ਨੇਤਾਵਾਂ ਦੀਆਂ ਸਾਰੀਆਂ ਮੰਗਾਂ ਠੁਕਰਾ ਦਿੱਤੀਆਂ ਸਨ । ਬ੍ਰਿਟਿਸ਼ ਸਰਕਾਰ ਨੇ ਖਾਲਿਸਤਾਨ ਜਾਂ ਇਸ ਤਰ੍ਹਾਂ ਦੀ ਕੋਈ ਮੰਗ ਮੰਨਣਾ ਤਾਂ ਦੂਰ ਦੀ ਗੱਲ, ਅਕਾਲੀ ਨੇਤਾਵਾਂ ਨੂੰ ਧਮਕੀ ਦਿੱਤੀ ਸੀ ਕਿ ਜੇ ਉਨ੍ਹਾਂ ਨੇ ਕੋਈ ਗੜਬੜ ਕੀਤੀ ਤਾਂ ਸਰਕਾਰ ਟੈਂਕਾਂ ਤੇ ਬੰਬ-ਵਰਸ਼ਕ ਹਵਾਈ ਜਹਾਜ਼ਾਂ ਨਾਲ ਉਨ੍ਹਾਂ ਨੂੰ ਕੁਚਲ ਦੇਵੇਗੀ ।

ਅਕਾਲੀਆਂ ਵਲੋਂ ਅਕਸਰ ਦੇਸ਼ ਦੀ ਆਜ਼ਾਦੀ ਲਈ ਦਿਤੀਆਂ ਗਈਆਂ ਕੁਰਬਾਨੀਆਂ ਦਾ ਹਵਾਲਾ ਦਿੱਤਾ ਜਾਂਦਾ ਹੈ, ਪਰ ਅਕਾਲੀ ਨੇਤਾਵਾਂ ਜਿਨ੍ਹਾਂ ਵਿਚ ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ ਤੇ ਸਰਦਾਰ ਬਲਦੇਵ ਸਿੰਘ ਸ਼ਾਮਲ ਸਨ, ਉਸ ਵੇਲੇ ਇਹ ਕਹਿ ਕੇ ਬ੍ਰਿਟਿਸ਼ ਸਰਕਾਰ ਅੱਗੇ ਗਿੜਗਿੜਾ ਰਹੇ ਸਨ ਕਿ ਸਿੱਖਾਂ ਨੇ ਬ੍ਰਿਟਿਸ਼ ਸਰਕਾਰ ਦਾ ਸ਼ਿਕੰਜਾ ਮਜ਼ਬੂਤ ਕਰਨ ਲਈ ਸਦਾ ਉਸ ਦਾ ਸਾਥ ਦਿੱਤਾ ਹੈ, ਇਸ ਲਈ ਸਰਕਾਰ ਉਨ੍ਹਾਂ ਦਾ ਖਿਆਲ ਰੱਖੇ । ਮਜ਼ੇ ਦੀ ਗੱਲ ਇਹ ਹੈ ਕਿ ਮਹਾਰਾਜਾ ਪਟਿਆਲਾ, ਜਿਨ੍ਹਾਂ ਨੂੰ ਅਕਾਲੀਆਂ ਨੇ ਇਕ ਤਰ੍ਹਾਂ ਨਾਲ ਆਪਣਾ ਪ੍ਰਤੀਨਿਧ ਨਿਯੁਕਤ ਕੀਤਾ ਸੀ, ਅੰਗਰੇਜ਼ ਸਰਕਾਰ ਦੇ ਵਾਇਸਰਾਏ ਕੋਲ ਪ੍ਰਾਰਥਨਾ ਕਰ ਰਿਹਾ ਸੀ ਕਿ ਬ੍ਰਿਟੇਨ ਭਾਰਤ ਨੂੰ ਖਾਲੀ ਨਾ ਕਰੇ ।

ਉਨ੍ਹੀਂ ਦਿਨੀਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਗਿਆਨੀ ਕਰਤਾਰ ਸਿੰਘ ਸਨ । ਇਸ ਲੇਖ ਵਿਚ ਮੈਂ ਗਿਆਨੀ ਜੀ ਦੀਆਂ ਕੁਝ ਸਰਗਰਮੀਆਂ ਦਾ ਅਤੇ ਉਨ੍ਹਾਂ ਦੇ ਦੋ ਪ੍ਰਤੀਨਿਧਾਂ ਮਹਾਰਾਜਾ ਫਰੀਦਕੋਟ ਤੇ ਮਹਾਰਾਜਾ ਪਟਿਆਲਾ ਦੇ ਅਜੀਬ ਰੋਲ ਦਾ ਜ਼ਿਕਰ ਕਰਾਂਗਾ, ਜਿਨ੍ਹਾਂ ਦੂਜੇ ਦਸਤਾਵੇਜ਼ਾਂ ਦਾ ਸੰਕੇਤ ਮੈਂ ਕੀਤਾ ਹੈ, ਉਨ੍ਹਾਂ ਤੇ ਕਿਸੇ ਹੋਰ ਲੇਖ ਵਿਚ ਰੌਸ਼ਨੀ ਪਾਵਾਂਗਾ ।

## ਜਿੱਨਾਹ ਅਤੇ ਲੀਗ ਤੇ ਵਿਸ਼ਵਾਸ ਨਹੀਂ

ਪੰਜਾਬ ਦੇ ਉਸ ਵੇਲੇ ਦੇ ਰਾਜਪਾਲ ਸਰ ਜੈਨਕਿਨਜ਼ ਨੇ ਵਾਇਸਰਾਏ ਨੂੰ ਕਈ ਚਿੱਠੀਆਂ ਲਿਖੀਆਂ, ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਮਾਸਟਰ ਤਾਰਾ ਸਿੰਘ ਵਾਰ ਵਾਰ ਕਹਿ ਰਹੇ ਸਨ ਕਿ ਸਿੱਖ ਜਿੱਨਾਹ ਅਤੇ ਮੁਸਲਿਮ ਲੀਗ ਤੇ ਵਿਸ਼ਵਾਸ ਕਰਨ ਲਈ ਤਿਆਰ ਨਹੀਂ, ਕਿਉਂਕਿ ਰਾਵਲਪਿੰਡੀ ਜ਼ਿਲਾ ਦੇ 'ਘੱਲੂਘਾਰਾ' ਤੋਂ ਬਾਅਦ ਉਨ੍ਹਾਂ ਨੂੰ ਵਿਸ਼ਵਾਸ ਹੋ ਗਿਆ ਹੈ ਕਿ ਜੇ ਪੰਜਾਬ ਵਿਚ ਲੀਗ ਦਾ ਮੰਤਰੀ ਮੰਡਲ ਸਥਾਪਤ ਹੋ ਗਿਆ ਤਾਂ ਸਿੱਖ ਮੁਸਲਮਾਨਾਂ ਦੇ ਗੁਲਾਮ ਬਣ ਕੇ ਖਤਮ ਹੋ ਜਾਣਗੇ, ਪਰ ਗਿਆਨੀ ਕਰਤਾਰ ਸਿੰਘ ਆਖ਼ਰੀ ਵੇਲੇ ਤਕ ਲੀਗ ਨਾਲ ਖੁਫੀਆ ਸਾਜ਼-ਬਾਜ਼ ਕਰਦੇ ਰਹੇ । ਪਰ ਉਨ੍ਹਾਂ ਨੂੰ ਵੀ ਕੋਈ ਸਫਲਤਾ ਪ੍ਰਾਪਤ ਨਾ ਹੋਈ ।

9 ਅਪਰੈਲ 1947 ਨੂੰ ਗਿਆਨੀ ਕਰਤਾਰ ਸਿੰਘ ਨੇ ਇਕ ਹੱਥ-ਪਰਚਾ ਅਤੇ ਇਕ ਅਪੀਲ ਛਾਪੀ । ਪੈਂਫਲਟ ਵਿਚ ਰਾਵਲਪਿੰਡੀ ਡਵੀਜ਼ਨ ਵਿਚ ਵੱਡੀ ਪੱਧਰ ਤੇ ਸਿੱਖਾਂ ਦੇ ਕਤਲ ਦੇ ਅੰਕੜੇ ਤੇ ਵੇਰਵੇ ਵਿਸਥਾਰਪੂਰਵਕ ਦਰਜ ਸਨ । ਦੂਜਾ ਦਸਤਾਵੇਜ਼ 18 ਸੀਨੀਅਰ ਸਿੱਖ ਨੇਤਾਵਾਂ ਦੀ ਅਪੀਲ ਸੀ । ਇਸ ਵਿਚ ਲੜਾਈ ਕਰਨ ਲਈ ਪ੍ਰੋਗਰਾਮ ਲਿਖਿਆ ਗਿਆ ਸੀ ਅਤੇ 50 ਲੱਖ ਰੁਪਏ ਇਕੱਠੇ ਕਰਨ ਲਈ ਅਪੀਲ ਕੀਤੀ ਗਈ ਸੀ । ਇਹ ਦੋਵੇਂ ਦਸਤਾਵੇਜ਼ ਗਵਰਨਰ ਦੇ ਹੱਥ ਲੱਗ ਗਏ । ਉਸ ਨੇ 9 ਅਪਰੈਲ ਨੂੰ ਵਾਇਸਰਾਏ ਲਾਰਡ ਮਾਊਂਟਬੇਟਨ ਨੂੰ ਇਕ ਗੁਪਤ ਚਿੱਠੀ ਰਾਹੀਂ ਇਹ ਦੋਵੇਂ ਦਸਤਾਵੇਜ਼ ਭੇਜ ਦਿੱਤੇ । ਇਸ ਚਿੱਠੀ ਦਾ ਗੁਪਤ ਨੰਬਰ ਆਰ. /3/1/76 : ਐਫ. ਐਫ. 100-7 ਹੈ । ਇਸ ਵਿਚ ਉਨ੍ਹਾਂ ਨੇ ਲਿਖਿਆ ਕਿ ਇਹ ਦੂਜੀ ਚਿੱਠੀ ਜੋ ਜੰਗ ਲਈ 50 ਲੱਖ ਰੁਪਏ ਇਕੱਠੇ ਕਰਨ ਸੰਬੰਧੀ ਅਪੀਲ ਬਾਰੇ ਹੈ, ਗਿਆਨੀ ਜੀ ਨੇ ਰੋਜ਼ਾਨਾ 'ਅਜੀਤ' ਲਾਹੌਰ ਨੂੰ ਭੇਜੀ ਸੀ, ਪਰ ਹੋਇਆ ਇਹ ਕਿ ਇਸ ਚਿੱਠੀ ਦੇ ਦਫਤਰ ਤੋਂ ਕਿਸੇ ਨੇ ਇਸ ਨੂੰ ਪ੍ਰੈੱਸ ਐਡਵਾਈਜ਼ਰ ਕੋਲ ਭੇਜ ਦਿੱਤਾ । ਇਸ ਤਰ੍ਹਾਂ ਸਰਕਾਰ ਨੂੰ ਅਕਾਲੀਆਂ ਦੀਆਂ ਜੰਗੀ ਤਿਆਰੀਆਂ ਦਾ ਪਤਾ ਲੱਗ ਗਿਆ । ਇਸ ਅਪੀਲ ਤੇ ਕੇਂਦਰ ਦੇ ਰੱਖਿਆ ਮੰਤਰੀ ਸਰਦਾਰ ਬਲਦੇਵ ਸਿੰਘ ਦੇ ਦਸਤਖਤ ਵੀ ਸਨ । ਉਨ੍ਹਾਂ ਨਾਲ ਜਿਹੜੇ ਹੋਰ ਸਿਖ ਨੇਤਾਵਾਂ ਦੇ ਦਸਤਖਤ ਸਨ, ਉਨ੍ਹਾਂ ਵਿਚ ਮਾਸਟਰ ਤਾਰਾ ਸਿੰਘ, ਸਰਦਾਰ ਜੋਗਿੰਦਰ ਸਿੰਘ ਮਾਨ, ਕਾਨਪੁਰ ਦੇ ਸਰਦਾਰ ਇੰਦਰ ਸਿੰਘ, ਜਥੇਦਾਰ ਮੋਹਨ ਸਿੰਘ ਤੁੜ, ਜਥੇਦਾਰ ਊਧਮ ਸਿੰਘ ਨਾਗੋਕੇ, ਗਿਆਨੀ ਕਰਤਾਰ ਸਿੰਘ, ਸਰਦਾਰ ਉਜਲ ਸਿੰਘ, ਸ. ਹੁਕਮ ਸਿੰਘ, ਸ. ਜਸਵੰਤ ਸਿੰਘ ਦੁੱਗਲ ਅਤੇ ਸ. ਜਗਜੀਤ ਸਿੰਘ ਮਾਨ ਆਦਿ ਵੀ ਸ਼ਾਮਲ ਸਨ । ਇਸ ਦਸਤਾਵੇਜ਼ ਵਿਚ ਦੱਸਿਆ ਗਿਆ ਸੀ ਕਿ 15 ਜੂਨ ਤੋਂ ਹਥਿਆਰਬੰਦ ਸੰਘਰਸ਼ ਸ਼ੁਰੂ ਕੀਤਾ ਜਾਵੇਗਾ । ਇਸ ਦਸਤਾਵੇਜ਼ ਦੀਆਂ ਕੁਝ ਲਾਈਨਾਂ ਇਹ ਸਨ—"ਓ ਖਾਲਸਾ ਜੀ, ਪੰਥ ਤੇ ਘੋਰ ਸੰਕਟ ਆਇਆ ਹੋਇਆ ਹੈ । ਪੋਠੋਹਾਰ ਅਤੇ ਸਰਹੱਦ ਦੇ ਨਾਰੀ ਅਤਿਅੰਤ ਦੁਖਦਾਇਕ ਘੱਲੂਘਾਰਾ ਹੋਇਆ ਹੈ । ਸਮਾਂ ਬਹੁਤ ਖਤਰਨਾਕ ਤੇ ਹਾਲਤ ਬਹੁਤ ਗੰਭੀਰ ਹੈ । ਸਾਡੇ ਲਈ ਇਹ ਹਾਲਤ ਪੈਦਾ ਹੋ ਗਈ ਹੈ ਕਿ 'ਤਖਤ ਜਾਂ ਤਖਤਾਂ ਵਾਲਾ' ਸਵਾਲ ਹੈ । ਇਸ ਨਾਜ਼ੁਕ ਘੜੀ ਵਿਚ ਪੰਥ ਦੀ ਹਸਤੀ ਕਾਇਮ ਰੱਖਣ ਲਈ ਹਰੇਕ ਸਿਖ ਨੂੰ ਫਰਜ਼ ਦਾ ਪਾਲਣ ਕਰਨਾ ਚਾਹੀਦਾ ਹੈ । ਮੁਸਲਮਾਨ ਆਪਣੀ ਤਾਕਤ ਨਾਲ ਸਿਖਾਂ, ਹਿੰਦੂਆਂ ਅਤੇ ਇਸਾਈਆਂ ਤੇ ਆਪਣਾ ਰਾਜ ਕਾਇਮ ਕਰਨਾ ਚਾਹੁੰਦੇ ਹਨ । ਅਸੀਂ ਪਾਕਿਸਤਾਨ ਦੇ ਤੂਫਾਨ ਦਾ ਇਕ ਨਮੂਨਾ ਦੇਖ ਲਿਆ ਹੈ । ਆਪਣੇ ਬਹੁਗਿਣਤੀ ਇਲਾਕਿਆਂ ਵਿਚ ਉਨ੍ਹਾਂ ਨੇ ਏਨਾ ਜ਼ੁਲਮ ਕੀਤਾ ਹੈ ਕਿ ਬਿਆਨ ਨਹੀਂ ਕੀਤਾ ਜਾ ਸਕਦਾ । ਹਜ਼ਾਰਾਂ ਸਿੱਖ ਤੇ ਹਿੰਦੂ ਔਰਤਾਂ ਦੇ ਬੱਚੇ ਕਤਲ ਕਰ ਦਿੱਤੇ ਗਏ । ਸੈਂਕੜੇ ਸਿੱਖਾਂ ਦੇ ਕੇਸ ਤੇ ਦਾੜ੍ਹੀਆਂ ਕਟ ਦਿੱਤੀਆਂ ਗਈਆਂ ਹਨ, ਸੈਂਕੜੇ ਔਰਤਾਂ ਨੂੰ ਅਗਵਾ ਕੀਤਾ ਗਿਆ ਹੈ । ਪਿੰਡਾਂ ਦੇ ਪਿੰਡ ਜਲਾ ਦਿੱਤੇ ਗਏ । ਸੈਂਕੜੇ ਔਰਤਾਂ ਨੇ ਆਪਣੀ ਇੱਜ਼ਤ ਬਚਾਉਣ ਲਈ ਖੂਹਾਂ ਵਿਚ ਛਾਲਾਂ ਮਾਰ ਕੇ ਜਾਨਾਂ ਦੇ ਦਿੱਤੀਆਂ । ਖਾਲਸਾ ਜੀ ਇਹ ਪਾਕਿਸਤਾਨ ਦਾ ਛੋਟਾ ਜਿਹਾ ਨਮੂਨਾ ਹੈ ਅਤੇ ਹਾਲੇ ਇਸ ਤੋਂ ਵੀ ਭਿਆਨਕ ਘਟਨਾਵਾਂ ਹੋਣਗੀਆਂ । ਪਰ ਖਾਲਸਾ ਜੀ ! ਅਸੀਂ ਉਸ ਗੁਰੂ ਦੇ ਸਿੱਖ ਹਾਂ, ਜਿਸ ਨੇ ਚਾਰ ਬੇਟਿਆਂ ਦੇ ਕਤਲ ਤੋਂ ਬਾਅਦ ਕਿਹਾ ਸੀ ਕਿ ਚਾਰ ਦੇ ਦਿੱਤੇ ਤਾਂ ਕੀ ਹੋਇਆ, ਹਾਲੇ ਹਜ਼ਾਰਾਂ ਜਿਉਂਦੇ ਹਨ । ਅਸੀਂ ਇਸ ਜ਼ਾਲਮ ਪਾਕਿਸਤਾਨ ਨਾਲ ਲੜਨਾ ਹੈ ਅਤੇ ਪੰਥ ਦੀ ਚੜ੍ਹਦੀ ਕਲਾ ਵਿਚ ਰਹਿਣਾ ਹੈ... ।"

ਇਹ ਅਪੀਲ ਕਾਫੀ ਲੰਬੀ ਸੀ । ਆਖਿਰ ਵਿਚ ਲਿਖਿਆ ਸੀ ਕਿ ਵੈਸਾਖੀ ਤੋਂ ਜੋ ਕਿ ਖਾਲਸਾ ਦਾ ਜਨਮ ਦਿਨ ਹੈ, ਸਾਡੀ ਲੜਾਈ ਸ਼ੁਰੂ ਹੋਵੇਗੀ ।

ਇਹ ਦਸਤਾਵੇਜ਼ ਇਸ ਗੱਲ ਦਾ ਪ੍ਰਤੱਖ ਸਬੂਤ ਹੈ ਕਿ ਇਹ ਦਾਅਵਾ ਬਿਲਕੁਲ ਬੇਬੁਨਿਆਦ ਹੈ ਕਿ ਜਿੱਨਾਹ ਨੇ ਉਨ੍ਹਾਂ ਨੂੰ ਖਾਲਿਸਤਾਨ ਦੀ ਪੇਸ਼ਕਸ਼ ਕੀਤੀ ਸੀ । ਜੇ ਕੋਈ ਇਸ ਤਰ੍ਹਾਂ ਦੀ ਪੇਸ਼ਕਸ਼ ਕੀਤੀ ਗਈ ਹੁੰਦੀ ਤਾਂ ਅਕਾਲੀਆਂ ਨੂੰ ਇਹ ਅਪੀਲ ਕਰਨ ਦੀ ਜ਼ਰੂਰਤ ਨਾ ਹੁੰਦੀ । ਜਿੱਨਾਹ ਨਾਲ ਮਾਸਟਰ ਤਾਰਾ ਸਿੰਘ ਦੀ ਗੱਲਬਾਤ ਨੂੰ ਵੀ ਅਕਸਰ ਬਹੁਤ ਉਛਾਲਿਆ ਜਾਂਦਾ ਹੈ । ਮੈਂ ਇਕ ਮੁਲਾਕਾਤ ਤੋਂ ਬਾਅਦ ਦਿੱਲੀ ਵਿਚ ਮਾਸਟਰ ਨਾਲ ਇੰਟਰਵਿਊ ਕੀਤਾ ਸੀ । ਇਸ ਦਾ ਵੇਰਵਾ 'ਦੀ ਪ੍ਰੈੱਸ ਜਰਨਲ' ਵਿਚ ਛਪਿਆ ਸੀ । ਇਸ ਤੇ ਕਿਸੇ ਦੂਜੇ ਲੇਖ ਵਿਚ ਰੋਸ਼ਨੀ ਪਾਵਾਂਗਾ ।

50 ਲੱਖ ਰੁਪਏ ਦੇ ਇਸ 'ਜੰਗੀ ਫੰਡ' ਲਈ ਸਰਦਾਰ ਬਲਦੇਵ ਸਿੰਘ ਨੂੰ ਖਜ਼ਾਨਚੀ ਨਿਯੁਕਤ ਕੀਤਾ ਗਿਆ ਸੀ । ਮਜ਼ੇ ਦੀ ਗੱਲ ਇਹ ਹੈ ਕਿ ਜਦੋਂ ਪੰਜਾਬ ਦੇ ਰਾਜਪਾਲ ਦੇ ਸਾਹਮਣੇ ਵਾਇਸਰਾਏ ਨੇ ਸਰਦਾਰ ਬਲਦੇਵ ਸਿੰਘ ਕੋਲੋਂ ਇਹ ਪੁੱਛਿਆ ਕਿ ਕੀ ਤੁਸੀਂ ਰੱਖਿਆ ਮੰਤਰੀ ਹੋਣ ਵੇਲੇ ਇਹ ਅਪੀਲ ਕੀਤੀ ਹੈ, ਤਾਂ ਉਨ੍ਹਾਂ ਨੇ ਉੱਤਰ ਦਿੱਤਾ ਕਿ ਮੈਨੂੰ ਇਸ ਤਰ੍ਹਾਂ ਦੀ ਕਿਸੇ ਅਪੀਲ ਦਾ ਪਤਾ ਨਹੀਂ, ਨਾ ਹੀ ਮੈਂ ਕਿਸੇ ਅਪੀਲ ਤੇ ਦਸਤਖਤ ਕੀਤੇ ਹਨ । ਸਰਦਾਰ ਬਲਦੇਵ ਸਿੰਘ ਨੇ ਇਹ ਗੱਲ 16 ਅਪ੍ਰੈਲ 1947 ਨੂੰ ਕਹੀ ਸੀ ਤੇ ਇਸ ਦੇ ਸਬੂਤ ਲਈ ਸਰਕਾਰੀ ਦਸਤਾਵੇਜ਼ ਪੇਸ਼ ਕੀਤਾ ਜਾ ਸਕਦਾ ਹੈ । ਇਹ ਉਹ ਦਿਨ ਸਨ, ਜਦੋਂ ਜਿੱਨਾਹ ਖੂਨ ਖਰਾਬਾ ਰੋਕਣ ਲਈ ਵਾਇਸਰਾਇ ਦੇ ਦਬਾਅ ਦੇ ਬਾਵਜੂਦ ਇਕ ਅਪੀਲ ਤੇ ਦਸਤਖਤ ਕਰਨ ਤੋਂ ਵੀ ਨਾਂਹ ਕਰ ਰਹੇ ਸਨ ।

16 ਅਪ੍ਰੈਲ 1947 ਨੂੰ ਵਾਇਸਰਾਏ ਦੇ ਸੈਕਟਰੀ ਸਰ ਟੀ ਸੇਨ ਨੇ ਇਕ ਨੋਟ ਵਿਚ ਲਿਖਿਆ ਕਿ ਜਿੱਨਾਹ ਸਿੱਖਾਂ ਬਾਰੇ ਚੰਗੀ ਰਾਏ ਨਹੀਂ ਰੱਖਦੇ । ਉਨ੍ਹਾਂ ਦਾ ਕਹਿਣਾ ਹੈ ਕਿ ਸਿੱਖਾਂ ਨੂੰ ਕੋਈ ਚੰਗਾ ਲੀਡਰ ਨਹੀਂ ਮਿਲਦਾ । ਇਹ ਲੋਕ ਛੋਟੇ ਮੋਟੇ ਵਪਾਰ ਵਿਚ ਤਾਂ ਸਫਲ ਹੋ ਜਾਂਦੇ ਹਨ । ਪਰ ਇਨ੍ਹਾਂ ਨੇ ਕੋਈ ਚੋਟੀ ਦਾ ਕਾਨੂੰਨਦਾਨ, ਵਿਗਿਆਨੀ ਜਾਂ ਸਿਆਸਤ ਵਿਚ ਕੋਈ ਮਾਹਿਰ ਪੈਦਾ ਨਹੀਂ ਕੀਤਾ ।

## ਰਾਜਾ ਫਰੀਦਕੋਟ ਦੀ ਮੁਖਬਰੀ

9 ਅਪ੍ਰੈਲ 1947 ਨੂੰ ਪੰਜਾਬ ਦੇ ਰਾਜਪਾਲ ਸਰ ਜੈਨਕਿਨਜ਼ ਨੇ ਲਾਰਡ ਮਾਊਂਟਬੇਟਨ ਨੂੰ ਇਕ ਗੁਪਤ ਚਿੱਠੀ ਵਿਚ ਲਿਖਿਆ ਕਿ ਜਨਰਲ ਮੇਸਰਵੀ ਨੇ ਮੈਨੂੰ ਦਿੱਲੀ ਤੋਂ ਵਾਪਸ ਆਉਣ ਤੇ ਦੱਸਿਆ ਕਿ ਰਾਜਾ ਫਰੀਦਕੋਟ ਉਨ੍ਹਾਂ ਨੂੰ ਮਿਲੇ ਸਨ । ਰਾਜਾ ਨੇ ਉਨ੍ਹਾਂ ਨੂੰ ਦਸਿਆ ਕਿ ਮਾਸਟਰ ਤਾਰਾ ਸਿੰਘ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਉਹ ਪੰਜਾਬ ਦੇ ਆਪਣੇ ਇਲਾਕੇ ਵਿਚ 'ਫੌਜੀ ਸਰਗਰਮੀਆਂ' ਲਈ ਤਿਆਰ ਰਹਿਣ ਅਤੇ ਭਾਗ ਲੈਣ । ਕਰਤਾਰ ਸਿੰਘ ਤੇ ਤਾਰਾ ਸਿੰਘ ਮਹਾਰਾਜਾ ਪਟਿਆਲਾ ਬਾਰੇ ਸੰਤੁਸ਼ਟ ਨਹੀਂ । ਇਸ ਲਈ ਮੈਂ (ਰਾਜਾ ਫਰੀਦਕੋਟ) ਅੱਗੇ ਆਇਆ । ਰਾਜਾ ਸਾਹਿਬ ਜਨਰਲ ਕੋਲੋਂ ਮਸ਼ਵਰਾ ਲੈਣ ਲਈ ਆਏ ਸਨ । ਰਾਜਾ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਮਾਸਟਰ ਤੇ ਗਿਆਨੀ ਹਿੰਸਾ ਦੇ ਰਸਤੇ ਤੇ ਚਲਣਾ ਚਾਹੁੰਦੇ ਹਨ । ਰਾਜਾ ਨੇ ਦਸਿਆ ਕਿ ਦੋਹਾਂ ਨੇਤਾਵਾਂ ਨੇ ਉਨ੍ਹਾਂ ਕੋਲੋਂ ਜੀਪ ਲਈ ਅਤੇ ਹੁਣ ਜ਼ਿਲਾ ਫਿਰੋਜ਼ਪੁਰ ਵਿਚ ਸਿੱਖਾਂ ਨੂੰ ਕਹਿ ਰਹੇ ਹਨ ਕਿ ਵਕਤ ਆ ਰਿਹਾ ਹੈ ਕਿ ਮੁਸਲਮਾਨਾਂ ਕੋਲੋਂ ਬਦਲਾ ਲਿਆ ਜਾਵੇ ।

ਜਨਰਲ ਨੇ ਰਾਜਾ ਸਾਹਿਬ ਨੂੰ ਸਲਾਹ ਦਿੱਤੀ ਕਿ ਉਹ ਅਕਾਲੀ ਨੇਤਾਵਾਂ ਨੂੰ ਸਮਝਾਉਣ ਕਿ ਉਹ ਇਸ ਤਰ੍ਹਾਂ ਦੀ ਕੋਈ ਹਰਕਤ ਨਾ ਕਰਨ । ਰਾਜਪਾਲ ਨੇ ਲਿਖਿਆ ਕਿ ਮੈਂ ਸਰਦਾਰ ਸਵਰਨ ਸਿੰਘ ਨੂੰ ਬੁਲਾ ਕੇ ਕਿਹਾ ਕਿ ਉਹ ਅਕਾਲੀ ਨੇਤਾਵਾਂ ਨੂੰ ਸਮਝਾਉਣ ।

ਇਕ ਹੋਰ ਦਸਤਾਵੇਜ਼ ਅਨੁਸਾਰ 17 ਅਪ੍ਰੈਲ ਨੂੰ ਰਾਜਾ ਫਰੀਦਕੋਟ ਨੇ ਲਾਰਡ ਮਾਊਂਟਬੇਟਨ ਨਾਲ ਗੁਪਤ ਮੁਲਾਕਾਤ ਕੀਤੀ ਤੇ ਉਨ੍ਹਾਂ ਨੂੰ 19 ਮਾਰਚ ਦੀ ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ ਤੇ ਜਥੇਦਾਰ ਈਸ਼ਰ ਸਿੰਘ ਮਝੈਲ ਦੀ ਇਕ ਚਿੱਠੀ ਦਿਖਾਈ । ਇਸ ਵਿਚ ਲਿਖਿਆ ਸੀ ਕਿ ਤੁਸੀਂ ਹੀ ਸਿੱਖ ਧਰਮ ਤੇ ਸਿੱਖ ਸਭਿਆਚਾਰ ਦੀ ਰਖਿਆ ਕਰ ਸਕਦੇ ਹੋ । ਇਸ ਲਈ ਤੁਸੀਂ ਲੁਧਿਆਣਾ ਤੇ ਫਿਰੋਜ਼ਪੁਰ ਦੇ ਜ਼ਿਲਿਆਂ ਅਤੇ ਲਾਹੌਰ ਦੇ ਕੁਝ ਹਿੱਸਿਆਂ ਵਿਚ ਸਿੱਖਾਂ ਦੀ ਜ਼ਿੰਦਗੀ ਅਤੇ ਜਾਇਦਾਦ ਦੀ ਰੱਖਿਆ ਕਰ ਸਕਦੇ ਹੋ ਅਤੇ ਇਨ੍ਹਾਂ ਇਲਾਕਿਆਂ ਵਿਚ ਪ੍ਰਸ਼ਾਸਨ ਨੂੰ ਸੰਭਾਲ ਸਕਦੇ ਹੋ ।

ਇਸ ਦਾ ਮਤਲਬ ਇਹ ਸੀ ਕਿ ਰਾਜਾ ਸਾਹਿਬ ਇਨ੍ਹਾਂ ਇਲਾਕਿਆਂ ਤੇ ਆਪਣੀ ਫੌਜ ਦੀ ਮਦਦ ਨਾਲ ਅਧਿਕਾਰ ਕਰ ਲੈਣ ਪਰ ਅਕਾਲੀ ਨੇਤਾਵਾਂ ਨੂੰ ਨਾਂਹ ਨਾ ਕਰਦੇ ਹੋਏ ਵੀ ਅੰਗਰੇਜ਼ ਸਰਕਾਰ ਦਾ ਜਾਸੂਸ ਬਣਦੇ ਹੋਏ ਵਾਇਸਰਾਏ ਨੂੰ ਸਭ ਕੁਝ ਦਸ ਦਿੱਤਾ ।

ਲਾਰਡ ਮਾਊਂਟਬੇਟਨ ਨੇ ਆਪਣੀ ਖੁਫੀਆ ਡਾਇਰੀ ਵਿਚ ਲਿਖਿਆ ਕਿ ਰਾਜਾ ਫਰੀਦਕੋਟ ਨੇ ਮੈਨੂੰ ਕਿਹਾ ਹੈ ਕਿ ਉਹ ਸਰਦਾਰ ਬਲਦੇਵ ਸਿੰਘ ਦੇ ਸਾਹਮਣੇ ਇਸ ਚਿੱਠੀ ਬਾਰੇ ਮੇਰੇ ਨਾਲ ਕੋਈ ਜ਼ਿਕਰ ਨਾ ਕਰਨ ।

18 ਅਪਰੈਲ ਨੂੰ ਜਦੋਂ ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ ਅਤੇ ਸਰਦਾਰ ਬਲਦੇਵ ਸਿੰਘ ਨੇ ਲਾਰਡ ਮਾਊਂਟਬੇਟਨ ਨਾਲ ਗੱਲਬਾਤ ਕੀਤੀ ਤਾਂ ਵਾਇਸਰਾਏ ਨੇ ਰਾਜਾ ਫਰੀਦਕੋਟ ਵਾਲੀ ਚਿੱਠੀ ਦਾ ਜ਼ਿਕਰ ਨਹੀਂ ਕੀਤਾ ।

## ਮਹਾਰਾਜਾ ਪਟਿਆਲਾ ਵੀ ਮੁਖਬਰ

ਦੂਜੇ ਪਾਸੇ ਮਹਾਰਾਜਾ ਪਟਿਆਲਾ ਵੀ ਇਕ ਪਾਸੇ ਅਕਾਲੀਆਂ ਨਾਲ ਆਪਣੀ ਦੋਸਤੀ ਦਾ ਵਿਖਾਵਾ ਕਰਦੇ ਸਨ ਤੇ ਦੂਜੇ ਪਾਸੇ ਅੰਗਰੇਜ਼ਾਂ ਲਈ ਜਾਸੂਸੀ ਵੀ ਕਰਦੇ ਸਨ । 20 ਅਪ੍ਰੈਲ ਨੂੰ ਮਹਾਰਾਜਾ ਪਟਿਆਲਾ ਨੇ ਵਾਇਸਰਾਏ ਨਾਲ ਮੁਲਾਕਾਤ ਕੀਤੀ । ਵਾਇਸਰਾਏ ਨੇ ਇਸ ਮੁਲਾਕਾਤ ਦਾ ਜ਼ਿਕਰ ਆਪਣੀ ਖੁਫੀਆ ਡਾਇਰੀ ਵਿਚ ਕੀਤਾ ਹੈ । ਇਸ ਵੇਰਵੇ ਅਨੁਸਾਰ ਮਹਾਰਾਜਾ ਨੇ ਕਿਹਾ ਕਿ :

ਮੈਨੂੰ ਬੜਾ ਦੁੱਖ ਹੈ ਕਿ ਤੁਸੀਂ ਅੰਗਰੇਜ਼ ਆਪਣੇ ਦੋਸਤਾਂ ਅਤੇ ਸਹਿਯੋਗੀਆਂ ਨੂੰ ਛੱਡ ਕੇ ਭਾਰਤ ਤੋਂ ਜਾ ਰਹੇ ਹੋ । ਜੇ ਤੁਸੀਂ ਜਾ ਹੀ ਰਹੇ ਹੋ ਤਾਂ ਇਹ ਸਾਡੇ ਨਾਲ ਅਨਿਆ ਹੈ । ਤੁਹਾਡੇ ਇਸ ਤਰ੍ਹਾਂ ਚਲੇ ਜਾਣ ਨਾਲ ਸਾਡੇ ਰਾਜ ਕਮਜ਼ੋਰ ਹੋ ਜਾਣਗੇ । ਪਟਿਆਲਾ ਵਿਚ 20 ਹਜ਼ਾਰ ਸਿੱਖ ਸ਼ਰਨਾਰਥੀ ਆ ਗਏ ਹਨ । ਇਸ ਨਾਲ ਮੈਨੂੰ ਬੜੀ ਕਠਿਨਾਈ ਦਾ ਸਾਹਮਣਾ ਕਰਨਾ ਪੈ ਰਿਹਾ ਹੈ ।

**—ਜਮਨਾ ਦਾਸ ਅਖ਼ਤਰ**

ਇਸ ਤੋਂ ਬਾਅਦ ਮਹਾਰਾਜਾ ਨੇ ਕਿਹਾ ਕਿ ਮੈਂ ਮਾਸਟਰ ਤਾਰਾ ਸਿੰਘ ਅਤੇ ਗਿਆਨੀ ਕਰਤਾਰ ਸਿੰਘ ਨੂੰ ਕਾਬੂ ਵਿਚ ਰੱਖਣ ਦੀ ਕੋਸ਼ਿਸ਼ ਕਰ ਰਿਹਾ ਹਾਂ ਪਰ ਉਹ ਉਕਸਾਉਣ ਵਾਲੀਆਂ ਹਰਕਤਾਂ ਕਰ ਰਹੇ ਹਨ । ਮਹਾਰਾਜਾ ਨੇ ਕਿਹਾ ਕਿ "ਮੈਂ ਇਹ ਸਮਝਦਾ ਹਾਂ ਕਿ ਇਹ ਨੇਤਾ ਤੇ ਮਹਾਰਾਜਾ ਫਰੀਦਕੋਟ ਜਿਹੜੀਆਂ ਯੋਜਨਾਵਾਂ ਤਿਆਰ ਕਰ ਰਹੇ ਹਨ ਉਹ ਮੂਰਖਤਾ ਤੇ ਆਧਾਰਤ ਹਨ । ਮੈਂ ਰਾਜਾ ਫਰੀਦਕੋਟ ਨੂੰ ਚੇਤਾਵਨੀ ਦਿੱਤੀ ਹੈ ਕਿ ਜੇ ਅੰਗਰੇਜ਼ਾਂ ਦੇ ਚਲੇ ਜਾਣ ਦੇ ਖਿਆਲ ਨਾਲ 19ਵੀਂ ਸਦੀ ਦੇ ਹਾਲਾਤ ਵਾਂਗ ਦੂਜੇ ਇਲਾਕਿਆਂ ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਕਬਜ਼ਾ ਕਰਨ ਵਾਲਿਆਂ ਨੂੰ ਤਬਾਹੀ ਦਾ ਸਾਹਮਣਾ ਕਰਨ ਪਵੇਗਾ ।"

ਇਸ ਤੋਂ ਬਾਅਦ ਮਹਾਰਾਜ ਨੇ ਕਿਹਾ ਕਿ ਤੁਹਾਨੂੰ ਭਾਰਤ ਤੋਂ ਚਲੇ ਜਾਣ ਦਾ ਫੈਸਲਾ ਰੱਦ ਕਰ ਦੇਣਾ ਚਾਹੀਦਾ ਹੈ, ਪਰ ਵਾਇਸਰਾਏ ਨੇ ਕਿਹਾ ਕਿ ਇਸ ਤਰ੍ਹਾਂ ਨਹੀਂ ਹੋ ਸਕਦਾ ।


**Herman Income Tax Service**

2345, Beaver St. Clearbrook, B.C.

Ph. 859-5037

ਜ਼ਾਤੀ ਵਪਾਰ, ਜਾਂ ਫਾਰਮਾਂ ਬਾਰੇ ਇੰਨਕਮ ਟੈਕਸ ਸਰਵਿਸ, ਵਾਜਬ ਰੇਟ - ਮੁਫ਼ਤ ਸਲਾਹ

Personal, Business and Farming
Friendly Service - Reasonable Rates
Free Consultation

$2.00 Off With This ad Coupon

**BAINS TRAVEL SERVICE**

SERVING B.C. FOR 33 YEARS

DELHI — VANCOUVER $559.00 U.S. One Way
SEATTLE — DELHI $899.00 U.S. Return



THREE LOCATIONS TO SERVE YOU Ph: 324-2277

710 DOUGLAS STREET, VICTORIA, B.C. PH: 386-6363

CAPILANO MALL 935 MARINE DRIVE NORTH VANCOUVER

6364 FRASER STREET VANCOUVER, B.C.

FREE GIFT

**S. & S. INSURANCE** 324-2311



ਦਲਜੀਤ ਸਿੰਘ ਸਿੱਧੂ

Two Locations to Serve You
6658 Main St. Vancouver, B.C.
5936 Fraser St. Vancouver, B.C.

FREE GIFT

ਇਨਸ਼ੋਰੈਂਸ ਦੇ ਰੇਟ ਤਾਂ ਹਰ ਥਾਂ ਇਕੋ ਹੀ ਹਨ ... ਪਰ ਫ਼ਰਕ ਦੋਸਤੀ ਭਰੇ ਮਾਹੌਲ ਦਾ ਹੈ ... ਤੇ ਉਹ ਦੋਸਤੀ ਭਰੀ ਸੇਵਾ ਤੁਹਾਨੂੰ S & S Insurance ਤੋਂ ਹੀ ਮਿਲ ਸਕਦੀ ਹੈ । ਆਪਣੇ ਘਰਾਂ ਤੇ ਕਾਰਾਂ ਦੀ ਇੰਨਸ਼ੋਰੈਂਸ ਨਵੇਂ ਸਿਰਿਓਂ ਕਰਾਉਣ ਲਈ ਅੱਜ ਹੀ ਮਿਲੋ

Autoplan 1984 INSURANCE & LICENCE

RENEW EARLY INSURANCE
* FINANCING AVAILABLE
* SAFE DRIVING DISCOUNT (if eligible)

FRASER Ph. 321-6442



ਹਰਦੇਵ ਸਿੰਘ ਗਿੱਲ

324-57

# ਚੌਥਾ ਕੌਮਾਂਤਰੀ ਖੇਡਾਂ ਅਤੇ ਸਭਿਆਚਾਰਕ ਮੇਲਾ

| | | |
|---|---|---|
| ਜਸ਼ਨ ਮਨਾਉਣ ਦਾ ਵਕਤ | ਸਾਡੇ ਉਦੇਸ਼ ਸਾਡੀ ਏਕਤਾ | ਸਾਡਾ ਘੋਲ ਸਾਡਾ ਬਲ |

## ਨਸਲੀ ਅਤੇ ਫਾਸ਼ੀ ਹਿੰਸਾ ਵਿਰੁਧ ਅਤੇ ਸਾਮਰਾਜੀ ਸੰਸਾਰ ਜੰਗ ਦੇ ਖਤਰੇ ਵਿਰੁਧ, ਆਜ਼ਾਦੀ ਅਤੇ ਉਨਤੀ ਲਈ!

# ਜੁਲਾਈ 29 - ਅਗਸਤ 6
# ਵੈਨਕੂਵਰ, ਬੀ. ਸੀ.
# 1984

## ਪ੍ਰੋਗਰਾਮ

### ਕੌਮਾਂਤਰੀ ਮੁਕਾਬਲੇ

ਖੇਡਾਂ : ਕਬੱਡੀ, ਕੁਸ਼ਤੀਆਂ, ਭਾਰ ਚੁਕਣਾ ਅਤੇ ਹੋਰ ਖੇਡਾਂ ਅਤੇ ਅਥਲੈਟਿਕਸ

ਸਭਿਆਚਾਰ : ਸਾਹਿਤ ਅਤੇ ਕਲਾ, ਸੰਗੀਤ, ਡਰਾਮਾਂ ਅਤੇ ਲੋਕ-ਨਾਚ

(ਸਾਰੇ ਦਾਖਲੇ 30 ਮਈ ਤੋਂ ਪਹਿਲਾਂ ਜ਼ਰੂਰ ਪਹੁੰਚ ਜਾਣੇ ਚਾਹੀਦੇ ਹਨ)

### ਪ੍ਰੋਗਰਾਮ ਵਿਚ

ਨਸਲੀ ਅਤੇ ਫਾਸ਼ੀ ਹਿੰਸਾ ਅਤੇ ਸਾਮਰਾਜੀ ਜੰਗ ਦੇ ਖਤਰੇ ਵਿਰੁੱਧ ਮੁਜ਼ਾਹਰਾ ਅਤੇ ਰੈਲੀ ਸਾਹਿਤ ਅਤੇ ਕਲਾ, ਖੇਡਾਂ ਅਤੇ ਸਿਆਸਤ ਦੇ ਮਸਲਿਆਂ ਉਤੇ ਵਿਚਾਰ ਵਿਟਾਂਦਰਾ ਵੀ ਸ਼ਾਮਲ ਹੈ

## ਚੌਥੇ ਕੌਮਾਂਤਰੀ ਖੇਡਾਂ ਅਤੇ ਸਭਿਆਚਾਰ ਦੇ ਮੇਲੇ ਦੀ ਮਹਾਨ ਸਫਲਤਾ ਲਈ ਸਭ ਅੱਗੇ ਆਓ!

ਨਸਲੀ ਅਤੇ ਫਾਸ਼ੀ ਹਿੰਸਾ ਵਿਰੁੱਧ ਲੋਕ ਮੋਰਚੇ ਵਲੋਂ ਜਥੇਬੰਦ ਕੀਤਾ ਜਾ ਰਿਹਾ ਹੈ, ਇਸ ਦੀ ਮੇਜ਼ਬਾਨੀ ਈਸਟ ਇੰਡੀਅਨ ਡੀਫੈਂਸ ਕਮੇਟੀ(ਜੋ ਪੀਪਲਜ਼ ਫਰੰਟ ਦੀ ਸਬੰਧਤ ਜਥੇਬੰਦੀ ਹੈ) ਅਤੇ ਹੋਰ ਜਥੇਬੰਦੀਆਂ ਕਰ ਰਹੀਆਂ ਹਨ। ਵਧੇਰੇ ਜਾਣਕਾਰੀ ਲਈ ਪੀ. ਓ. ਬਾਕਸ 4623 ਵੈਨਕੂਵਰ, ਬੀ. ਸੀ. ਟੈਲੀਫੋਨ : (604)681- 5020

# ਵੈਨਕੂਵਰ ਸੱਥ ਦਾ ਸਾਹਿਤਕ ਅਤੇ ਸਭਿਆਚਾਰਕ ਪ੍ਰੋਗਰਾਮ

**ਅਮਰਜੀਤ ਚਾਹਲ**

ਵੈਨਕੂਵਰ ਸੱਥ ਨੇ 11 ਮਾਰਚ 1984 ਨੂੰ ਸੈਕਸਮਿਥ ਕਮਿਊਨਿਟੀ ਸਕੂਲ ਵਿਚ ਆਪਣਾ ਪਹਿਲਾ ਸਾਹਿਤਕ ਅਤੇ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ। ਇਸ ਪ੍ਰੋਗਰਾਮ ਵਿਚ ਗੀਤ, ਕਵਿਤਾਵਾਂ, ਭੰਗੜਾ ਅਤੇ ਦੋ ਡਰਾਮੇ ਪੇਸ਼ ਕੀਤੇ ਗਏ।

ਪ੍ਰੋਗਰਾਮ, ਉਦਾਸੀ ਦੇ ਗੀਤਾਂ 'ਤੇ ਅਧਾਰਤ ਅਗਾਂਹਵਧੂ ਭੰਗੜੇ ਨਾਲ ਸ਼ੁਰੂ ਹੋਇਆ। ਉਸ ਤੋਂ ਬਾਅਦ ਯੂਜੀਨ ਪੋਤੀਏ ਦਾ ਲਿਖਿਆ ਇੰਟਰਨੈਸ਼ਨਲ ਤੀਰਥ ਬੈਂਸ, ਸੱਜਣ ਬੈਂਸ, ਪਾਲ ਬਿਨਿੰਗ, ਮਨਜੀਤ ਪਾਬਲਾ ਅਤੇ ਕਮਲਜੀਤ ਚੌਹਲ ਨੇ ਜੋਸ਼ੀਲੀਆਂ ਅਤੇ ਸੁਰੀਲੀਆਂ ਅਵਾਜ਼ਾਂ ਵਿਚ ਗਾਇਆ। ਗੁਰਚਰਨ ਰਾਮਪੁਰੀ, ਦਰਸ਼ਨ ਗਿੱਲ, ਸੁਰਜੀਤ ਕਲਸੀ ਅਤੇ ਮਹਿੰਦਰ ਸੂਮਲ ਤੇ ਅਜਮੇਰ ਰੋਡੇ ਨੇ ਆਪਣੀਆਂ ਕਵਿਤਾਵਾਂ ਪੜ੍ਹੀਆਂ

ਸਾਧੂ ਨੇ ਵੈਨਕੂਵਰ ਸੱਥ ਦਾ ਸੰਦੇਸ਼ ਪੜ੍ਹਿਆ। ਇਸ ਸੁਨੇਹੇ ਵਿਚ ਸੱਥ ਦੇ ਹੋਂਦ ਵਿਚ ਆਉਣ ਬਾਰੇ ਜਾਣਕਾਰੀ ਤੇ ਸੱਥ ਦੇ ਮੰਤਵਾਂ 'ਤੇ ਚਾਨਣਾ ਪਾਇਆ। ਸੱਥ ਦੇ ਇਸ ਸੁਨੇਹੇ ਵਿਚ ਪੰਜਾਬ ਦੀ ਮੌਜੂਦਾ ਹਾਲਤ ਉਪਰ ਵੀ ਵਿਚਾਰ ਕੀਤਾ ਗਿਆ ਤੇ ਇਸ ਸਬੰਧ ਵਿਚ ਸੱਥ ਵਲੋਂ ਪੇਸ਼ ਕੀਤੇ ਜਾ ਰਹੇ ਦੋ ਡਰਾਮਿਆਂ ਦੀ ਮਹੱਤਤਾ ਦੱਸੀ।

ਪ੍ਰੋਗਰਾਮ ਵਿਚ ਪੇਸ਼ ਪਹਿਲਾ ਨਾਟਕ 'ਪੰਜਾਬ ਦੀ ਅਵਾਜ਼' ਮੱਖਣ ਟੁੱਟ ਦਾ ਲਿਖਿਆ ਹੋਇਆ ਸੀ। ਇਹ ਨਾਟਕ ਪ੍ਰੋਗਰਾਮ ਤੋਂ ਸਿਰਫ ਇਕ ਹਫਤਾ ਪਹਿਲਾਂ ਲਿਖਿਆ ਗਿਆ। ਮੌਜੂਦਾ ਪੰਜਾਬ ਵਿਚ ਜੋ ਕੁਝ ਦੋਨਾਂ ਪਾਸਿਆਂ ਤੋਂ ਧਾਰਮਿਕ ਜਨੂੰਨੀ ਕਰ ਰਹੇ ਹਨ, ਨੂੰ ਇਸ ਡਰਾਮੇ ਵਿਚ ਪੂਰੀ ਤਰ੍ਹਾਂ ਨੰਗਿਆਂ ਕੀਤਾ ਗਿਆ। ਇਹ ਨਾਟਕ ਇਕੱਲੇ ਭਾਰਤ ਵਿਚਲੇ ਪੰਜਾਬ ਦੀ ਹੀ ਗੱਲ ਨਹੀਂ ਕਰਦਾ ਬਲਕਿ ਪ੍ਰਵਾਸੀ ਪੰਜਾਬੀਆਂ ਦੀਆਂ ਸੁਤੀਆਂ ਰੂਹਾਂ ਨੂੰ ਵੀ ਝੰਜੋੜਦਾ ਹੈ। ਜੋ ਲੋਕ 'ਧਰਮ ਨੂੰ ਖਤਰਾ' ਦਾ ਨਾਹਰਾ ਮਾਰਦੇ ਹਨ ਉਹਨਾਂ ਨੂੰ ਲਲਕਾਰ ਕੇ ਲੇਖਕ ਕਹਿੰਦਾ ਹੈ :

ਨਾ ਇਥੇ ਧਰਮ ਨੂੰ ਖਤਰਾ
ਨਾ ਇਥੇ ਕਰਮ ਨੂੰ ਖਤਰਾ
ਉਨ੍ਹਾਂ ਨੇ ਪੈਦਾ ਕੀਤੇ ਖਤਰੇ
ਜਿਨ੍ਹਾਂ ਨੂੰ ਚੋਣਾਂ ਹਾਰਨ ਦਾ ਖਤਰਾ।

ਇਸ ਨਾਨਟ ਵਿਚ ਮੁੱਖ ਭੂਮਿਕਾ ਵੀ ਮੱਖਣ ਟੁੱਟ ਨੇ ਬੜੀ ਸਫਲਤਾ ਨਾਲ ਨਿਭਾਈ। ਜਨੂੰਨੀ ਸਿੱਖਾਂ ਦੇ ਰੋਲ ਵਿਚ ਇੰਦਰਜੀਤ ਰੋਡੇ ਅਤੇ ਸੁਖਵੰਤ ਹੁੰਦਲ ਖੂਬ ਰਹੇ। ਗੁਰਚਰਨ ਟੱਲੇਵਾਲੀਆ ਅਤੇ ਬਲਵਿੰਦਰ ਰੋਡੇ ਨੇ ਜਨੂੰਨੀ ਹਿੰਦੂਆਂ ਦੇ ਕਿਰਦਾਰ ਨੂੰ ਖੂਬਸੂਰਤੀ ਨਾਲ ਸਟੇਜ ਉਪਰ ਰੂਪਮਾਨ ਕੀਤਾ।

ਪਹਿਲੂ ਨਾਟਕ ਤੋਂ ਬਾਅਦ ਸੁਖਵੰਤ ਹੁੰਦਲ ਨੇ 'ਪ੍ਰੀਤਲੜੀ' ਦੇ ਸੰਪਾਦਕ ਸੁਮੀਤ ਸਿੰਘ ਦੇ ਕਤਲ ਦੀ ਨਿਖੇਧੀ ਦਾ ਮਤਾ ਸੱਥ ਵਲੋਂ ਪੇਸ਼ ਕੀਤਾ ਹੈ। ਇਸ ਮਤੇ ਵਿਚ ਕਿਹਾ ਗਿਆ ਕਿ ਇਹ ਕਤਲ ਪਰੈਸ ਦੀ ਆਜ਼ਾਦੀ ਦਾ ਕਤਲ ਹੈ।

ਅਗਲਾ ਡਰਾਮਾ ਪ੍ਰਸਿੱਧ ਨਾਟਕਕਾਰ ਗੁਰਸ਼ਰਨ ਸਿੰਘ ਹੋਰਾਂ ਦਾ ਲਿਖਿਆ ਹੋਇਆ 'ਇਕ ਮੋਰਚਾ, ਇਕ ਕੁਰਸੀ, ਅਤੇ ਹਵਾ ਵਿਚ ਲਟਕਦੇ ਲੋਕ' ਸੀ। ਇਸ ਨਾਟਕ ਵਿਚ ਸਿਆਸੀ ਤੇ ਧਾਰਮਿਕ ਲੁਟੇਰਿਆਂ ਦਾ ਪਾਜ ਉਘਾੜਿਆ ਗਿਆ ਹੈ। ਇਕ ਨਾਟਕ ਬੜੇ ਸਾਫ ਤਰੀਕੇ ਨਾਲ ਇਹ ਗੱਲ ਸਰੋਤਿਆਂ ਸਾਹਮਣੇ ਰੱਖਦਾ ਹੈ ਕਿ ਕਿਵੇਂ ਇਹ ਸਿਆਸੀ ਤੇ ਧਾਰਮਿਕ ਲੀਡਰ ਆਪਣੀਆਂ ਕੁਰਸੀਆਂ ਤੇ ਮੰਜੀਆਂ ਨੂੰ ਬਚਾਈ ਰੱਖਣ ਲਈ ਲੋਕਾਂ ਨੂੰ ਬੇਵਕੂਫ ਬਣਾਉਂਦੇ ਹਨ। ਇਹਨਾਂ ਦੀਆਂ ਇਨ੍ਹਾਂ ਚਾਲਾਂ ਸਦਕਾ ਹੀ ਮਾੜੇ ਹਾਲਾਤ ਉਤਪਨ ਹੁੰਦੇ ਹਨ ਜਿਵੇਂ ਕਿ ਅੱਜ ਪੰਜਾਬ ਵਿਚ ਹੋ ਰਿਹਾ ਹੈ। ਇਸ ਨਾਟਕ ਨੂੰ ਪੇਸ਼ ਕਰਨ ਵਾਲੇ ਸਨ ਇੰਦਰਜੀਤ ਰੋਡੇ, ਮੱਖਣ ਟੁੱਟ, ਪਾਲ ਬਿਨਿੰਗ, ਬਲਵਿੰਦਰ ਰੋਡੇ, ਭਵਖੰਡਨ ਤੇ ਸੁਖਵੰਤ ਹੁੰਦਲ। ਇਕ ਦੋਂਹ ਕਲਾਕਾਰਾਂ ਤੋਂ ਬਿਨਾਂ ਹੋਰ ਕਿਸੇ ਦਾ ਵੀ ਸਟੇਜ ਉਪਰ ਕੋਈ ਤਜਰਬਾ ਨਹੀਂ ਸੀ। ਇਸ ਦੇ ਬਾਵਜੂਦ ਇਹਨਾਂ ਕਲਾਕਾਰਾਂ ਨੇ ਆਪੋ ਆਪਣੇ ਪਾਤਰਾਂ ਨੂੰ ਪੂਰੀ ਸਫਲਤਾ ਨਾਲ ਲੋਕਾਂ ਸਾਹਮਣੇ ਪੇਸ਼ ਕੀਤਾ।

ਇਹਨਾਂ ਨਾਟਕਾਂ ਦੀ ਤਿਆਰੀ ਸਮੇਂ ਸੱਥ ਦੇ ਮੈਂਬਰਾਂ ਨੇ ਕੁਝ ਇਕ ਤਜਰਬੇ ਕੀਤੇ। ਨਾਟਕਾਂ ਦਾ ਕੋਈ ਇਕ ਡਾਇਰੈਕਟਰ ਨਹੀਂ ਸੀ। ਸਾਰੇ ਕਲਾਕਾਰਾਂ ਨੇ ਆਪੋ ਆਪਣੇ ਪਾਤਰਾਂ ਨੂੰ ਖੁਦ ਹੀ ਉਸਾਰਿਆ। ਇਸੇ ਤਰ੍ਹਾਂ ਨਾਟਕ ਲਈ ਲੋੜੀਂਦੀਆਂ ਚੀਜ਼ਾਂ ਦਾ ਪ੍ਰਬੰਧ ਹਰ ਕਲਾਕਾਰ ਨੇ ਖੁਦ ਹੀ ਆਪਣੀ ਜ਼ਿੰਮੇਵਾਰੀ ਸਮਝਦਿਆਂ ਕੀਤਾ। ਸਟੇਜ ਸੈਟਿੰਗ ਤੋਂ ਲੈ ਕੇ ਹਾਲ ਵਿਚ ਕੁਰਸੀਆਂ ਰੱਖਣ ਤੇ ਚੱਕਣ ਤੱਕ ਸਾਰੀਆਂ ਜ਼ਿੰਮੇਵਾਰੀਆਂ ਸਾਰੇ ਮੈਂਬਰਾਂ ਨੇ ਰਲ ਕੇ ਨਿਭਾਈਆਂ।

ਪ੍ਰੋਗਰਾਮ ਦੇ ਅਖੀਰ ਵਿਚ ਪੰਜਾਬ ਕਲਚਰਲ ਐਸੋਸੀਏਸ਼ਨ ਤੇ ਬੱਚਿਆਂ ਵਲੋਂ ਭੰਗੜਾ ਪੇਸ਼ ਕੀਤਾ ਗਿਆ। ਇਹਨਾਂ ਬੱਚਿਆਂ ਦੀ ਉਮਰ ਸੱਤ ਤੋਂ ਗਿਆਰਾਂ ਸਾਲਾਂ ਦੀ ਸੀ। ਪਾਲ ਬਿਨਿੰਗ ਛੋਟੀ ਉਮਰ ਦੇ ਬੱਚਿਆਂ ਵਿਚ ਪੰਜਾਬੀ ਲੋਕ ਨਾਚ ਦੀ ਰੁਚੀ ਪੈਦਾ ਕਰਨ ਲਈ ਵਧਾਈ ਦਾ ਹੱਕਦਾਰ ਹੈ।

ਸਟੇਜ ਸਕੱਤਰ ਦੀ ਜ਼ਿੰਮੇਵਾਰੀ ਜਗਦੀਸ਼ ਬਿਨਿੰਗ ਨੇ ਬੜੀ ਸੁਚੱਜਤਾ ਨਾਲ ਨਿਭਾਈ।

ਪ੍ਰੋਗਰਾਮ ਦੇ ਦੌਰਾਨ ਸਟੇਜ ਉਪਰ ਲਾਈਟ ਤੇ ਸਾਊਂਡ ਦੇ ਪ੍ਰਬੰਧ ਵਿਚ ਕਾਫੀ ਕਮੀ ਰਹੀ ਖਾਸ ਕਰ ਸਾਊਂਡ ਵਿਚ। ਇਸ ਦੇ ਨਾਲ ਹੀ ਚੰਗਾ ਹੁੰਦਾ ਜੇ ਸੱਥ ਬੱਚਿਆਂ ਦੀ ਦੇਖ ਭਾਲ ਲਈ ਇਕ ਵੱਖਰੇ ਕਮਰੇ ਦਾ ਪ੍ਰਬੰਧ ਕਰ ਸਕਦੀ।

ਵੈਨਕੂਵਰ ਸੱਥ ਦੇ ਇਸ ਸਾਹਿਤਕ ਤੇ ਸਭਿਆਚਾਰਕ ਪ੍ਰੋਗਰਾਮ ਨੂੰ ਦੇਖ ਕੇ ਲੋਕਾਂ ਨੇ ਅੱਗੋਂ ਲਈ ਵੀ ਅਜੇਹੇ ਪ੍ਰੋਗਰਾਮਾਂ ਦੀ ਆਸ ਰੱਖੀ ਹੈ। ਇਸ ਸੁਚੱਜੇ ਪ੍ਰੋਗਰਾਮ ਲਈ ਵੈਨਕੂਵਰ ਸੱਥ ਵਧਾਈ ਦੀ ਹੱਕਦਾਰ ਹੈ।

# ਵੈਨਕੂਵਰ ਸੱਥ ਵਲੋਂ ਕਰਵਾਏ ਗਏ ਸਭਿਆਚਾਰਕ ਸਮਾਗਮ ਉਤੇ ਇਕ ਨਜ਼ਰ

11 ਮਾਰਚ ਨੂੰ ਵੈਨਕੂਵਰ ਸੱਥ ਵਲੋਂ ਸੈਕਸਸਮਿਥ ਕਮਿਊਨਿਟੀ ਸਕੂਲ ਦੇ ਹਾਲ ਵਿਚ ਇਕ ਸਭਿਆਚਾਰਕ ਪਰੋਗਰਾਮ ਕਰਵਾਇਆ ਗਿਆ ਜਿਸ ਵਿਚ ਵੈਨਕੂਵਰੇ ਦੇ ਕੁਝ ਕਵੀਆਂ ਵਲੋਂ ਕਵਿਤਾਵਾਂ, ਪੰਜਾਬ ਕਲਚਰਲ ਐਸੋਸੀਏਸ਼ਨ ਦੇ ਛੋਟੇ ਬੱਚਿਆਂ ਦਾ ਭੰਗੜਾ, ਅਤੇ ਦੋ ਡਰਾਮੇ ਪੇਸ਼ ਕੀਤੇ ਗਏ।

ਪਹਿਲਾ ਡਰਾਮਾ ਪੰਜਾਬ ਦੀ ਆਵਾਜ਼ ਮੱਖਣ ਟੁੱਟ ਦਾ ਲਿਖਿਆ ਹੋਇਆ ਸੀ, ਦੂਸਰਾ ਡਰਾਮਾ, ਇਕ ਮੋਰਚਾ, ਇਕ ਕੁਰਸੀ ਅਤੇ ਹਵਾ ਵਿਚ ਲਟਕਦੇ ਹੋਏ ਲੋਕ, ਇਹ ਸਰਦਾਰ ਗੁਰਸ਼ਰਨ ਸਿੰਘ ਦਾ ਲਿਖਿਆ ਹੋਇਆ ਸੀ ਦੋਵੇਂ ਡਰਾਮੇ ਪੰਜਾਬ ਵਿਚ ਅੱਜ ਦੇ ਵਿਗੜੇ ਹੋਏ ਹਾਲਾਤ ਨੂੰ ਚਿਤਰਦੇ ਸਨ ਅਤੇ ਇਨਾਂ ਦੋਹਾਂ ਡਰਾਮਿਆਂ ਦਾ ਉਦੇਸ਼ ਜਨ ਸਧਾਰਨ ਨੂੰ ਇਨ੍ਹਾਂ ਧਰਮ ਯੁੱਧਾਂ ਦੇ ਮੋਰਚਿਆਂ ਤੋਂ ਬਚਣ ਲਈ ਸੁਝਵਾਨ ਕਰਦਾ ਹੈ।

ਪਹਿਲਾ ਡਰਾਮਾ ਜੋ ਮੱਖਣ ਟੁੱਟ ਦਾ ਲਿਖਿਆ ਹੋਇਆ ਉਸ ਵਿਚ ਕੁਝ ਕੁ ਘਾਟਾਂ ਜ਼ਰੂਰ ਮਹਿਸੂਸ ਹੁੰਦੀਆਂ ਸਨ। ਪਰ ਇਨ੍ਹਾਂ ਦਾ ਰਹਿ ਜਾਣਾ ਕੋਈ ਵੱਡੀ ਗੱਲ ਵੀ ਨਹੀਂ ਹੈ। ਫਿਰ ਵੀ ਇਕ ਦਰਸ਼ਕ ਦੇ ਤੌਰ ਤੇ ਮੈਂ ਇਹ ਗੱਲ ਜ਼ਰੂਰ ਕਹਾਂਗਾ। ਕਿ ਲੇਖਕ ਦੇ ਆਪਣੇ ਵਿਚਾਰ ਬਹੁਤ ਭਾਰੂ ਸਨ ਭਾਵੇਂ ਲੇਖਕ ਮੁੱਖ ਰੋਲ ਵੀ ਆਪ ਹੀ ਕਰ ਰਿਹਾ ਸੀ ਲੇਖਕ ਇਕ ਪਾਤਰ ਦੁਆਰਾ ਗੱਲਬਾਤ ਨਹੀਂ ਕਰਾ ਰਿਹਾ ਸੀ ਸਗੋਂ ਇਝ ਮਹਿਸੂਸ ਹੁੰਦਾ ਸੀ ਕਿ ਲੇਖਕ ਆਪ ਬੋਲ ਰਿਹਾ ਹੈ, ਭਾਵੇਂ ਇਸ ਡਰਾਮੇ ਦਾ ਪਿਛਲਾ ਹਿਸਾ ਕਾਫੀ ਸਫਲ ਸੀ (ਬਾਕੀ ਪੰਨਾ 15 ਤੇ)

# ਪ੍ਰੀਤਲੜੀ ਦੇ ਸੰਪਾਦਕ, ਸੁਮੀਤ ਸਿੰਘ ਦੀ ਯਾਦ ਵਿਚ

ਪਿਛਲੇ ਦਿਨੀਂ ਹਿੰਦੁਸਤਾਨ ਤੋਂ ਦੇਰ ਨਾਲ ਪੁੱਜੀਆਂ ਖਬਰਾਂ ਮੁਤਾਬਕ ਪ੍ਰੀਤਲੜੀ ਦੇ ਸੰਪਾਦਕ ਸੁਮੀਤ ਸਿੰਘ ਦੇ ਜਨੂੰਨੀਆਂ ਹੱਥੋਂ ਕਤਲ ਕੀਤੇ ਜਾਣ ਦੀ ਖਬਰ ਮਿਲੀ। ਪ੍ਰੀਤਲੜੀ ਨੂੰ ਗੁਰਬਖਸ਼ ਸਿੰਘ ਨੇ 1933 ਵਿਚ ਅਰੰਭਿਆ ਸੀ। 1947 ਵਿਚ ਸਾਮਰਾਜੀਆਂ ਦੀ ਚਾਲ ਰਾਹੀਂ ਹਿੰਦੁਸਤਾਨ ਦੇ ਮਾਸੂਮ ਲੋਕਾਂ ਦੇ ਕਤਲਾਂ ਅਤੇ ਜ਼ੁਲਮਾਂ ਦੇ ਵਿਰੁੱਧ ਇਸ ਪੇਪਰ ਨੇ ਜ਼ੋਰਦਾਰ ਆਵਾਜ਼ ਦਿੰਦਿਆਂ ਹੋਇਆਂ ਲੋਕ-ਹਿਤਾਂ ਲਈ ਇਕ ਬਹੁਤ ਵੱਡਾ ਰੋਲ ਅਦਾ ਕੀਤਾ। ਗੁਰਬਖਸ਼ ਸਿੰਘ ਤੋਂ ਬਾਅਦ ਨਵਤੇਜ ਨੇ ਆਪਣੇ ਆਖਰੀ ਸਮੇਂ ਤੱਕ ਇਸ ਪੇਪਰ ਰਾਹੀਂ ਆਮ ਲੋਕਾਂ ਨੂੰ ਜਾਗ੍ਰਿਤ ਕਰਨ ਦੀ ਕੋਸ਼ਿਸ਼ ਜਾਰੀ ਰੱਖੀ। ਭਾਵੇਂ ਇਸ ਪੇਪਰ ਦੀ ਸਾਰੀ ਨੀਤੀ ਨਾਲ ਅਸੀਂ ਸਹਿਮਤ ਨਹੀਂ ਵੀ ਸਾਂ ਪਰ ਫਿਰ ਵੀ ਇਸ ਪੇਪਰ ਦੀ ਸਾਹਿਤਕ ਖੇਤਰ ਅਤੇ ਸਧਾਰਨ ਲੋਕਾਂ ਨੂੰ ਦਿੱਤੀ ਗਈ ਦੇਣ ਨੂੰ ਅਸੀਂ ਕਦੇ ਵੀ ਅੱਖੋਂ ਓਹਲੇ ਨਹੀਂ ਕਰ ਸਕਦੇ। ਪਿਛਲੇ ਕੁਝ ਸਮੇਂ ਤੋਂ ਜਦੋਂ ਤੋਂ ਫਿਰਕਾਪ੍ਰਸਤੀ ਨੇ ਪੰਜਾਬ ਅੰਦਰ ਨਵੇਂ ਦੌਰ ਵਿਚ ਫਸ ਚੁਕਿਆ ਹੈ ਤਾਂ ਇਸ ਪੇਪਰ ਪ੍ਰੀਤਲੜੀ ਨੇ ਫਿਰਕਾਪ੍ਰਸਤੀ ਦੇ ਜ਼ਿੰਮੇਵਾਰਾਂ ਦੋਵਾਂ ਹਿੰਦੂ ਅਤੇ ਸਿੱਖ ਜਨੂੰਨੀਆਂ ਅਤੇ ਸਮੇਂ ਦੀ ਹਾਕਮ ਸਰਕਾਰ ਜੋ ਕਿ ਆਪਣੀ ਚੌਧਰ ਕਾਇਮ ਰੱਖਣ ਖਾਤਰ ਇਸ ਜਨੂੰਨ ਨੂੰ ਸ਼ਹਿ ਦੇ ਰਹੀ ਹੈ ਦੇ ਵਿਰੁੱਧ ਜੋ ਸਟੈਂਡ ਲਿਆ ਹੈ ਉਸ ਨੂੰ ਇਸ ਵੇਲੇ ਦੇ ਕਿਸੇ ਵੀ ਅਗਾਂਹ ਵਧੂ ਕਹਾਉਣ ਵਾਲੇ ਪਰਚੇ ਤੋਂ ਘਟ ਨਹੀਂ ਕਿਹਾ ਜਾ ਸਕਦਾ ਅਤੇ ਹੁਣ ਜਦੋਂ ਇਸ ਪੇਪਰ ਦੇ ਸੰਪਾਦਕ ਨੂੰ ਕਤਲ ਕਰ ਦਿਤਾ ਗਿਆ ਹੈ ਤਾਂ ਸਾਨੂੰ ਜਾਂ ਹੋਰ ਲੋਕਾਂ ਨੂੰ ਜੋ ਹੁਣ ਇਸ ਪੇਪਰ ਦੀ ਘਾਟ ਪਈ ਹੈ, ਕੀ ਇਹ ਘਾਟ ਕਦੀ ਪੂਰੀ ਹੋਵੇਗੀ! ਪਰ ਇਹ ਤਾਂ ਆਉਣ ਵਾਲਾ ਸਮਾਂ ਹੀ ਦਸੇਗਾ ਪਰ ਜੋ ਸੁਮੀਤ ਸਿੰਘ ਦੇ ਅਗਾਂਹ ਵਧੂ ਅਤੇ ਹੌਂਸਲੇ ਵਾਲੇ ਖਿਆਲਾਂ ਦੀ ਘਾਟ ਆਈ ਹੈ, ਉਾ ਕਦੇ ਵੀ ਪੂਰੀ ਨਹੀਂ ਹੋਵੇਗੀ।

ਅਸੀਂ ਟਰਾਂਟੋ ਤੋਂ ਇਪਾਨ ਜਥੇਬੰਦੀ ਵਲੋਂ ਸੁਮੀਤ ਸਿੰਘ ਦੀ ਮੌਤ ਦਾ ਉਸ ਦੇ ਪਰਿਵਾਰ ਨਾਲੋਂ ਵੀ ਜ਼ਿਆਦਾ ਦੁਖ ਮਹਿਸੂਸ ਕਰਦੇ ਹੋਏ ਸਾਰੇ ਲੋਕਾਂ ਨੂੰ ਪੁਰਜ਼ੋਰ ਅਪੀਲ ਕਰਦੇ ਹਾਂ ਕਿ ਆਓ ਸਾਰੇ ਇਕਮੁੱਠ ਹੋ ਕੇ ਜਿਸ ਦੇਸ਼ ਵਿਚ ਕਿਸੇ ਨੂੰ ਸੱਚ ਬੋਲਣ ਦਾ ਅਧਿਕਾਰ ਨਹੀਂ ਕਰ ਜਾਂ ਤਰਾਂ ਤਰਾਂ ਦੇ ਢੰਗਾਂ ਰਾਹੀਂ ਮੂੰਹ ਬੰਦ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ ਉਸ ਦੇਸ਼ ਦੀ ਹਾਕਮ ਸਰਕਾਰ ਜੋ ਕਿ ਇਸ ਸਭ ਕਾਸੇ ਦੀ ਜ਼ਿੰਮੇਵਾਰ ਹੈ ਦੀ ਪੰਜਾਲੀ ਗਲੋਂ ਲਾਹੁਣ ਲਈ ਹਿੰਦੁਸਤਾਨ ਵਿਚ ਚਲਾਏ ਜਾ ਰਹੇ ਸੰਘਰਸ਼ਾਂ ਵਿਚ ਹਿਸਾ ਪਾਈਏ ਅਤੇ ਸਾਰੀ ਦੁਨੀਆਂ ਵਿਚ ਇਸ ਫਾਸ਼ੀ ਸਰਕਾਰ ਦੇ ਬੁਰਕੇ ਲੀਰੋ ਲੀਰ ਕਰੀਏ ਤਾਂ ਕਿ ਹਿੰਦੁਸਤਾਨ ਵਿਚ ਵਸ ਰਹੇ ਆਪਣੇ ਸਬੰਧੀ, ਦੋਸਤ-ਮਿਤਰ ਜਾਂ ਮਾਸੂਮ ਲੋਕਾਂ ਦੀ ਸਹਾਇਤਾ ਲਈ ਕੁੱਝ ਨਾ ਕੁੱਝ ਹਿਸਾ ਪਾ ਸਕੀਏ।

ਅਸੀਂ ਫਿਰ ਇਕ ਵਾਰੀ ਹਿੰਦੁਸਤਾਨ ਵਿਚਲੇ ਫਿਰਕੂ ਫਸਾਦਾਂ ਦੇ ਜ਼ਿੰਮੇਵਾਰਾਂ ਦਾ ਜ਼ੋਰਦਾਰ ਵਿਰੋਧ ਕਰਦੇ ਹੋਏ (ਚਾਹੇ ਕਿ ਉਹ ਹਿੰਦੂ, ਸਿੱਖ ਹੋਣ ਜਾਂ ਕੋਈ ਵੀ) ਆਪਣੇ ਖੋਹੇ ਗਏ ਸਾਥੀ ਸੁਮੀਤ ਸਿੰਘ ਨੂੰ ਸ਼ਰਧਾਂਜਲੀ ਦੇਂਦੇ ਹਾਂ ਅਤੇ ਉਮੀਦ ਰਖਦੇ ਹਾਂ ਕਿ ਸਾਡੇ ਲੋਕ ਜ਼ਰੂਰ ਇਸ ਫਿਰਕਾਪ੍ਰਸਤੀ ਵਿਰੁੱਧ ਅਫਿਰਕੂ ਏਕਾ ਕਰਦੇ ਹੋਏ ਵੱਖ ਵੱਖ ਰੰਗਾਂ ਵਿਚ ਲੋਕ ਵਿਰੋਧੀ ਅਨਸਰਾਂ ਦਾ ਮਲੀਆਮੇਟ ਕਰਨਗੇ।

**ਵਲੋਂ — ਦੀਪ ਸਿੰਘ ਟਰਾਂਟੋ(ਇਪਾਨਾ)**

---

ਯਹ ਮੰਜ਼ਰ ਭੀ ਯਾਦ ਆਏਗਾ
ਔਰ ਕਿਸੀ ਮੌਸਮ ਮੇਂ
ਔਰ ਕਿਸੀ ਦਰਿਆ ਕੇ ਕਿਨਾਰੇ
ਔਰ ਕਿਸੀ ਆਲਮ ਮੇਂ


**Real Plumbing & Electrical Supply**

7211 Main St.(at 56th Ave.)
VANCOUVER, B.C. V5X 3J3




* Sales & Service
* Plumbing
* Heating
* Electrical Hot Water Tank
* Ceramic Tiles Installation



Or Do-It- Yourself
* We repair fridges & stoves

Satwinder Reehal
Ph. 324 - 7066



**ਜਗਦੀਸ਼ ਸਿੰਘ ਨੋਟਰੀ ਪਬਲਿਕ**



ਜਗਦੀਸ਼ ਸਿੰਘ B.A.LL.B. (Pb.U.)
(ਸਾਬਕਾ ਐਡਵੋਕੇਟ ਪੰਜਾਬ ਹਾਈਕੋਰਟ)

ਜਿਨ੍ਹਾਂ ਦੇ ਦਫਤਰ ਵਿਚ ਨੋਟਰੀ ਪਬਲਿਕ ਦੇ ਆਮ ਕੰਮ ਕੀਤੇ ਜਾਂਦੇ ਹਨ ਜਿਵੇਂ ਕਿ :—
- ਘਰ ਜਾਂ ਜ਼ਮੀਨ ਖ੍ਰੀਦਣ, ਵੇਚਣ ਲਈ ਜਾਂ ਮੌਰਗੇਜ਼ ਲੈਣ, ਦੇਣ ਜਾਂ ਕੈਂਸਲ ਕਰਨੀ ਆਦਿ ਦੇ ਕਾਗਜ਼ਾਤ ਤਿਆਰ ਕਰਨੇ ਅਤੇ ਰਜਿਸਟਰੀ ਕਰਵਾਉਣੀ
- ਵਸੀਅਤ, ਮੁਖਤਿਆਰਨਾਮੇ, ਐਫੀਡੇਵਿਟ, ਡੇਕਲਾਰੇਸ਼ਨ, ਐਗਰੀਮੈਂਟ, ਬਾਹਰੋਂ ਆਏ ਰਿਸ਼ਤੇਦਾਰਾਂ ਲਈ "ਰਾਹਦਾਰੀ"
- ਪਾਸਪੋਰਟ ਨਾਂ ਦੀ ਤਬਦੀਲੀ

**ਅਤੇ ਇਮੀਗਰੇਸ਼ਨ**

ਦੇ ਆਮ ਮਸਲੇ ਤੇ ਇਮੀਗਰੇਸ਼ਨ ਅਪੀਲ ਬੋਰਡ ਦੇ ਕੇਸ ਲੜਨ ਲਈ ਜਾਣਕਾਰੀ ਤੇ ਯੋਗ ਸਹਾਇਤਾ

7-4857 Kingsway (Opp. Sears)
Burnaby, B.C. V5H 2C8

ਸਮਾਂ : ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ
(ਦਫਤਰ ਸ਼ਨਿਚਰਵਾਰ ਖੁਲ੍ਹਾ ਰਹਿੰਦਾ ਹੈ)

PHONE-
-Off. 433-8366
Res. 324-4160



**ਅਸੀਂ ਵਧੀਆ ਸੇਵਾ ਦੀ ਗਰੰਟੀ ਦਿੰਦੇ ਹਾਂ**

ਹੁਣ ਇਨਕਮ ਟੈਕਸ ਦੇ ਫਾਰਮ ਭੇਜਣ ਦਾ ਵਕਤ ਹੈ——ਤੇ ਅਸੀਂ ਤੁਹਾਡੀ ਸੇਵਾ ਲਈ ਹਰ ਵਕਤ ਹਾਜ਼ਰ ਹਾ—ਆਓ ਤੇ ਸਹੀ ਜਾਣਕਾਰੀ ਪ੍ਰਾਪਤ ਕਰੋ। ਵਧੀਆ ਸੇਵਾਵਾਂ ਤੇ ਘੱਟ ਦਰ .........ਇਹ ਹੀ ਨਹੀਂ ਅਸੀਂ ਤੁਹਾਡੇ ਹਿਸਾਬ ਕਿਤਾਬ ਕਾਰੋਬਾਰੀ ਹਿਸਾਬ, ਕੰਪਨੀ ਮਾਮਲਿਆਂ ਬਾਰੇ ਹਮੇਸ਼ਾ ਸਹੀ ਜਾਣਕਾਰੀ ਦੇਣ ਦਾ ਵਾਅਦਾ ਕਰਦੇ ਹਾਂ .....

ਟੈਲੀਫੋਨ : 321-2132

**BAINS TAX & ACCOUNTING SERVICE**

6658 MAIN St.(at 51st Ave.)
VANCOUVER, B.C.
TELEPHONE:321-2132
WE PROVIDE
YEAR ROUND PROFESSIONAL SERVICES
ACCOUNTING,BOOKKEEPING,COMPANY FORMATION &


**ਪੰਜ਼ਾਬ**

ਢਾਈ ਨਦੀਆਂ ਦਾ ਇਹ ਪੰਜਾਬ
ਹੋਵੇਗਾ ਕਿਸੇ ਨੇਤਾ ਲਈ ਪੰਜਾਬ
ਮੈਂ ਨੇਤਾ ਨਹੀਂ ਹਾਂ
ਮੇਰੇ ਪੰਜਾਬ ਨੇ ਤਾਂ ਬਹੁਤ ਚਿਰ ਹੋਇਆ
ਖੁਦਕਸ਼ੀ ਕਰ ਲਈ ਸੀ
ਤੇ ਉਸ ਦੇ ਪੰਜਿਆਂ ਵਿਚੋਂ ਕੋਈ ਆਇਤ,
ਸ਼ਬਦ ਕੋਈ
ਸੀ ਲਿਖਿਆ ਇਸ ਤਰ੍ਹਾਂ ਮਿਲਿਆ :
"ਮੇਰਾ ਕਾਤਲ ਨਹੀਂ ਕੋਈ
ਮੇਰੀ ਹੱਤਿਆ ਕਿਸੇ ਹੱਥੋਂ ਨਹੀਂ ਹਈ
ਮੈਂ ਆਤਮਘਾਤ ਕੀਤਾ ਹੈ।"

ਸੁਰਜੀਤ ਪਾਤਰ

# ਫ਼ਿਲਮ ਦਰਪਣ

## ਫ਼ਿਲਮ ਸਟਾਰ — ਕਾਲੇ ਧਨ ਦੀ ਦੁਰਵਰਤੋਂ ਕਿਵੇਂ ਕਰਦੇ ਹਨ ?



ਅੰਮ੍ਰਿਤਾ ਸਿੰਘ—ਪਤਰਕਾਰ ਨੂੰ ਛੇ ਹਜ਼ਾਰ ਦੀ ਹੀਰੇ ਦੀ ਅੰਗੂਠੀ ਦੇ ਦਿਤੀ।

ਫਿਲਮਾਂ ਵਾਲੇ ਅਕਸਰ ਇਹ ਸ਼ਿਕਾਇਤ ਕਰਦੇ ਹਨ ਕਿ ਸੈਂਸਰ ਦਾ ਰਵਈਆ ਇਸ ਤਰ੍ਹਾਂ ਦਾ ਹੈ ਕਿ ਉਹ ਸਰਕਾਰ, ਪੁਲਿਸ ਅਤੇ ਰਾਜਨੀਤਕਾਂ ਵਿਚ ਫੈਲੇ ਹੋਏ ਭ੍ਰਿਸ਼ਟਾਚਾਰ ਤੇ ਫਿਲਮ ਨਹੀਂ ਬਣਾ ਸਕਦੇ—ਵੈਸੇ 'ਅਰਧ ਸਤਿਆ' ਵਰਗੀ ਤਿਖੀ ਫਿਲਮ ਆ ਚੁਕੀ ਹੈ। ਸਾਡੇ ਦੇਸ਼ ਵਿਚ ਭ੍ਰਿਸ਼ਟਾਚਾਰ ਕੁਝ ਵਿਸ਼ੇਸ਼ ਵਰਗਾਂ ਤਕ ਹੀ ਸੀਮਤ ਨਹੀਂ ਉਹ ਤਾਂ ਸਾਰੇ ਸਮਾਜ ਵਿਚ ਫੈਲਿਆ ਹੋਇਆ ਹੈ—

ਫਿਲਮ ਉਦਯੋਗ ਇਸ ਤੋਂ ਨਿਰਲੇਪ ਨਹੀਂ। ਕੀ ਫਿਲਮ ਬਣਾਉਣ ਵਾਲਿਆਂ ਨੇ ਆਪਣੇ ਖੇਤਰ ਵਿਚ ਫੈਲੇ ਭ੍ਰਿਸ਼ਟਾਚਾਰ ਤੇ ਕਦੀ ਫਿਲਮ ਬਣਾਉਣ ਬਾਰੇ ਸੋਚਿਆ ਹੈ ? ਨਹੀਂ, ਆਪਣੇ ਗਿਰੀਵਾਨ ਵਿਚ ਝਾਕਣ ਦੀ ਆਦਤ ਸਾਡੇ ਫਿਲਮਸਾਜ਼ਾਂ ਨੂੰ ਨਹੀਂ।

ਫਿਲਮ ਸੰਸਾਰ ਦੀ ਰਾਜਨੀਤੀ-ਕੁਨੀਤੀ ਤੋਂ ਨਿਰਾਸ਼ ਹੋ ਕੇ ਵਾਪਸ ਪਰਤਣ ਪਿਛੋਂ ਗੀਤਕਾਰ ਨੀਰਜ ਨੇ ਜਗਮਗਾਉਂਦੀ ਰੌਸ਼ਨੀ ਵਾਲੇ ਚੰਧਈਆ ਫਿਲਮ ਸੰਸਾਰ ਨੂੰ ਕਾਲਖ ਦੀ ਕੋਠੜੀ ਕਿਹਾ ਸੀ ਤਾਂ ਫਿਲਮ ਵਾਲੇ ਤਿਲਮਿਲਾ ਉਠੇ ਸਨ। ਪਰ ਸਚਾਈ ਤਾਂ ਝੁਠਲਾਈ ਨਹੀਂ ਜਾ ਸਕਦੀ। ਨੀਰਜ ਦੀ ਤੁਲਨਾ ਕਲ੍ਹ ਵੀ ਸਚੀ ਸੀ, ਅਜ ਵੀ ਸੱਚੀ ਹੈ।

ਨੈਤਿਕ ਸ਼ੋਸ਼ਣ ਦੇ ਜੀਉਂਦੇ ਪ੍ਰਮਾਣ ਹਨ। ਜਿਹੜੇ ਨਿਰਮਾਤਾ ਪੁਲਿਸ ਅਤੇ ਸਰਕਾਰ ਵਿਚ ਫੈਸਲੇ ਭ੍ਰਿਸ਼ਟਾਚਾਰ ਤੇ ਫਿਲਮ ਬਣਾਉਣ ਨੂੰ ਉਤਸੁਕ ਦਿਖਾਈ ਦਿੰਦੇ ਹਨ, ਉਹ ਇਸ ਸ਼ੋਸ਼ਨ, ਇਸ ਭ੍ਰਿਸ਼ਟਾਚਾਰ ਤੇ ਫਿਲਮ ਕਿਉਂ ਨਹੀਂ ਬਣਾਉਂਦੇ ?

ਇਸ ਲਈ ਕਿ ਉਨ੍ਹਾਂ ਨੂੰ ਸ਼ੀਸ਼ੇ ਵਿਚ ਆਪਣੀ ਸ਼ਕਲ ਦੇਖਦਿਆਂ ਡਰ ਲਗਦਾ ਹੈ ਆਪਣੇ ਬਾਰੇ ਕੋਈ 'ਸਤਯ' ਜਾਂ 'ਅਰਧ ਸਤਯ' ਉਜਾਗਰ ਨਹੀਂ ਕਰਨਾ ਚਾਹੁੰਦਾ। ਫਿਲਮ ਇੰਡਸਟਰੀ ਦਾ ਸਾਰਾ ਆਰਥਿਕ ਢਾਂਚਾ ਹੀ ਕਾਲੇ ਧਨ ਤੇ ਟਿਕਿਆ ਹੋਇਆ ਹੈ। ਸਾਡੇ ਸਟਾਰ 8-10 ਲਖ ਰੁਪਏ ਤੋਂ ਲੈ ਕੇ 35-40 ਲਖ ਤਕ ਲੈਂਦੇ ਹਨ।

ਤਿੰਨ ਚੋਥਾਈ ਮੇਹਨਤਾਨਾ ਤਾਂ ਉਹ ਕਾਲੇ ਧਨ ਵਿਚ ਹੀ ਲੈਂਦੇ ਹਨ। ਬਹੁਤੇ ਸਟਾਰ ਲਿਖਤੀ ਤੌਰ ਤੇ 2-3 ਲਖ ਰੁਪਏ ਹੀ ਲੈਂਦੇ ਹਨ ਲਿਖਤੀ ਤੌਰ ਤੇ ਤਾਂ ਅਜ ਕਿਸੇ ਫਿਲਮ ਲਈ ਅਮਿਤਾਭ ਨੇ ਵੀ 10 ਲਖ ਤੋਂ ਵਧ ਨਹੀਂ ਲਏ ਹਨ। ਇਹੀ ਹਾਲ ਸੰਗੀਤਕਾਰਾਂ ਦਾ ਹੈ।



ਅਮਿਤਾਭ ਇਕ ਫਿਲਮ ਦਾ 35 ਲੱਖ ਰੁਪਇਆ ਵੀ ਲੈ ਲੈਂਦਾ ਹੈ!

ਇਸ ਵਾਪਾਰ ਨੂੰ ਚਲਾਈ ਰੱਖਣ ਲਈ ਨਿਰਮਾਤਾ ਹੀਰੋ-ਹੀਰੋਇਨ ਅਤੇ ਸੰਗੀਤਕਾਰ ਨੂੰ ਜਿਹੜੀ ਰਕਮ ਕਾਲੇ ਧਨ ਵਜੋਂ ਦਿੰਦਾ ਹੈ ਉਸਨੂੰ ਐਡਜਸਟ ਕਰਨ ਲਈ ਉਹ ਸੈਟ ਨਿਰਮਾਣ ਦੇ ਖਰਚੇ ਵਧਾ ਕੇ ਦਿਖਾਉਂਦਾ, ਛੋਟੇ ਕਰਮਚਾਰੀਆਂ ਦੇ ਝੂਠੇ ਵਾਊਚਰਾਂ ਤੇ ਦਸਤਖ਼ਤ ਕਰਾਉਂਦਾ ਹੈ।

ਇਨਕਮ ਟੈਕਸ ਅਧਿਕਾਰੀ ਫਿਲਮੀ ਲੋਕਾਂ ਦੇ ਇਨ੍ਹਾਂ ਹਥ ਕੰਡਿਆਂ ਬਾਰੇ ਜਾਣਦੇ ਹਨ ਪਰ ਜਦੋਂ ਤਕ ਉਹ ਕਿਸੇ ਨੂੰ ਸਬੂਤ ਸਹਿਤ ਆਪਣੀ ਗ੍ਰਿਫਤ ਵਿਚ ਨਾ ਲੈ ਸਕਣ, ਉਹ ਕੁਝ ਨਹੀਂ ਕਰ ਸਕਦੇ। ਵੈਸੇ ਕਈ ਵਾਰ ਇਨਕਮ ਟੈਕਸ ਵਾਲਿਆਂ ਨੇ ਛਾਪੇ ਮਾਰੇ ਹਨ ਅਤੇ ਲੱਖਾਂ ਰੁਪਏ ਦੀ ਨਕਦੀ ਅਤੇ ਜ਼ੇਵਰਾਤ ਸਟਾਰਾਂ ਦੇ ਬੈਡਰੂਮਾਂ ਵਿਚ ਲੱਭੇ ਹਨ।

ਫੜੇ ਗਏ ਕਾਲੇ ਧਨ ਨੂੰ ਦੁਬਾਰਾ ਪ੍ਰਾਪਤ ਕਰਨ ਲਈ ਉਹ ਕਈ ਕਿਸਮ ਦਾ ਝੂਠ ਬੋਲਦੇ ਹਨ। ਇਕ ਹੀਰੋਇਨ ਕਹਿੰਦੀ ਹੈ ਕਿ ਇਹ ਧਨ ਫਲਾਣੇ ਦੇਸ਼ ਦੇ ਰਾਜਾ ਨੇ ਉਸ ਕੋਲ ਜਮ੍ਹਾਂ ਕਰਾਇਆ ਹੋਇਆ ਹੈ ਤਾਂ ਦੂਜੀ ਆਪਣੇ ਵਕੀਲਾਂ ਦੀ ਸਲਾਹ ਤੇ ਇਹ ਕਹਿ ਦਿੰਦੀ ਹੈ ਕਿ ਇਹ ਧਨ ਉਸਨੂੰ ਉਸਦੇ ਪ੍ਰੇਮੀਆਂ ਨੇ ਤੋਹਫੇ ਵਜੋਂ ਦਿਤਾ ਸੀ।

ਛਾਪਿਆਂ ਦਾ ਇਕ ਦਿਲਚਸਪ ਕਿੱਸਾ ਮੈਨੂੰ ਓ ਪੀ. ਰਲਹਨ ਨੇ ਇਕ ਵਾਰ ਸੁਣਾਇਆ ਸੀ। ਜਦੋਂ ਮਾਲਾ ਸਿਨਹਾ ਦੇ ਘਰ ਇਨਕਮ ਟੈਕਸ ਵਾਲਿਆਂ ਦਾ ਛਾਪਾ ਪਿਆ, ਉਨ੍ਹਾਂ ਦਿਨਾਂ ਵਿਚ ਉਹ ਓ. ਪੀ. ਰਲਹਨ ਦੀ ਫਿਲਮ 'ਗਹਿਰਾ ਦਾਗ਼' ਵਿਚ ਕੰਮ ਕਰ ਰਹੀ ਸੀ।

ਜਿਉਂ ਹੀ ਰਲਹਨ ਨੂੰ ਛਾਪੇ ਦੀ ਖ਼ਬਰ ਮਿਲੀ, ਉਹ ਆਪਣੀ ਹੀਰੋਇਨ ਨੂੰ ਤਸੱਲੀ ਦੇਣ ਲਈ ਉਸ ਦੇ ਘਰ ਪਹੁੰਚਿਆ। ਮਾਲਾ ਸਿਨਹਾ ਨੇ ਹੱਸ ਕੇ ਕਿਹਾ, 'ਕੋਈ ਖਾਸ ਗੱਲ ਨਹੀਂ, ਥੋੜ੍ਹੇ ਜਿਹੇ ਪੈਸੇ ਬਾਥਰੂਮ ਵਿਚ ਰਖੇ ਸਨ, ਲੈ ਗਏ।'

ਇਹ ਗੱਲ ਅਗਲੇ ਦਿਨ ਰਲਹਨ ਨੂੰ ਅਖਬਾਰਾਂ ਵਿਚੋਂ ਪੜ੍ਹਕੇ ਪਤਾ ਲਗਾ ਕਿ ਉਹ ਥੋੜ੍ਹੇ ਜਿਹੇ ਪੈਸੇ 18 ਲਖ ਰੁਪਏ ਸਨ। ਇਸ 'ਥੋੜ੍ਹੇ ਜਿਹੇ ਨੁਕਸਾਨ' ਨੂੰ ਪੂਰਾ ਕਰਨ ਲਈ ਮਾਲਾ ਸਿਨਹਾ ਨੇ ਆਪਣੀ ਥੋੜ੍ਹੀ ਜਿਹੀ ਕੀਮਤ ਯਾਨੀ ਇਕ ਲਖ ਰੁਪਏ ਵਧਾ ਦਿਤੀ ਅਤੇ ਸਾਲ ਭਰ ਵਿਚ ਹੀ ਨੁਕਸਾਨ ਪੂਰਾ ਹੋ ਗਿਆ।

ਕਾਲੇ ਧਨ ਦਾ ਜ਼ਹਿਰ ਫਿਲਮ-ਇੰਡਸਟਰੀ ਦੀ ਨਸ-ਨਸ ਵਿਚ ਇਸ ਤਰ੍ਹਾਂ ਰਚ ਗਿਆ ਹੈ ਕਿ ਕੋਈ ਇਸ ਤੋਂ ਬਚ ਹੀ ਨਹੀਂ ਸਕਦਾ।

ਕਾਲੇ ਧਨ ਦੀ ਵਗਦੀ ਗੰਗਾ ਵਿਚ ਹਥ ਧੋਣ ਦਾ ਮੌਕਾ ਕੋਈ ਨਹੀਂ ਖੁੰਝਾਉਣਾ ਚਾਹੁੰਦਾ। ਇਕ ਵਾਰ ਆਈ. ਐਸ. ਜੌਹਰ ਤੋਂ ਸੱਤਾਧਾਰੀ ਦਲ ਨੇ ਚੋਣ ਲਈ ਚੰਦਾ ਮੰਗਿਆ ਤਾਂ ਉਸ ਨੇ ਤੁਰੰਤ ਨੋਟਾਂ ਦੀ ਗੁਥੀ ਉਨ੍ਹਾਂ ਅਗੇ ਸੁਟ ਦਿੱਤੀ। ਜਦ ਰਸੀਦ ਕੱਟੀ ਜਾਣ ਲਗੀ ਤਾਂ ਜੌਹਰ ਨੇ ਹਸ ਕੇ ਕਿਹਾ, 'ਮੇਰਾ ਬੈਂਕ ਬੈਲੈਂਸ ਤਾਂ ਨਿੱਲ ਹੈ। ਇਹ ਬਲੈਕ ਮਨੀ ਹੈ। ਤੁਸੀਂ ਰਸੀਦ ਤੇ 'ਇਕ ਸ਼ੁਭਚਿੰਤਕ' ਲਿਖ ਦਿਓ।' ਤੇ ਉਸ ਨੂੰ ਕਾਲੇ ਧਨ ਦੀ ਇਕ ਸਫੇਦ ਰਸੀਦ ਮਿਲ ਗਈ।

ਕਾਲੇ ਧਨ ਦੀ ਇਕ ਸਫੇਦ ਕਰਨ ਲਈ ਵੀ ਅਜੀਬ ਤਰੀਕੇ ਅਪਣਾਏ ਜਾਂਦੇ ਹਨ। ਇਕ ਹਾਸ-ਅਭਿਨੇਤਾ ਦੀ ਲੜਕੀ ਦੀ ਸ਼ਾਦੀ ਸੀ। ਉਹ ਉਸ ਨੂੰ ਇਕ ਲਖ ਰੁਪਇਆ ਦੇਣਾ ਚਾਹੁੰਦਾ ਸੀ ਪਰ ਏਨਾ ਸਫੇਦ ਧਨ ਉਸ ਕੋਲ ਸੀ ਨਹੀਂ।

ਉਸਨੇ ਆਪਣੇ ਸਾਰੇ ਫਿਲਮੀ ਦੋਸਤਾਂ ਨੂੰ ਕਿਹਾ ਕਿ ਉਹ ਪੰਜ-ਪੰਜ ਹਜ਼ਾਰ ਰੁਪਏ ਉਸਤੋਂ ਨਗਦ ਲੈ ਲੈਣ ਅਤੇ ਉਸ ਦੀ ਲੜਕੀ ਦੇ ਨਾਂ ਚੈਕ ਕੱਟ ਦੇਣ ਤਾਂ ਕਿ ਇਹ ਕਿਹਾ ਜਾ ਸਕੇ ਕਿ ਸਾਰਿਆਂ ਪੈਸੇ ਤੋਹਫੇ ਵਜੋਂ ਦਿਤੇ ਹਨ। ਸਾਰਿਆਂ ਨੇ ਇਸੇ ਤਰ੍ਹਾਂ ਕੀਤਾ।

ਹੁਣ ਇਹ ਗੱਲ ਵਖਰੀ ਹੈ ਕਿ ਇਕ ਸਵਰਗੀ ਨਿਰਮਾਤਾ ਜਿਸ ਨੂੰ ਰਾਜ ਕਪੂਰ ਦੇ ਮੁਕਾਬਲੇ ਦਾ ਸ਼ੋਮੈਨ ਕਿਹਾ ਜਾਣ ਲਗ ਪਿਆ ਸੀ, ਨੇ ਪੈਸਿਆਂ ਬਦਲੇ ਜਿਹੜਾ ਚੈਕ ਕਟਿਆ, ਉਹ ਬੈਂਕ ਤੋਂ ਵਾਪਸ ਆ ਗਿਆ। ਵਿਚਾਰੇ ਹਾਸ-ਅਭਿਨੇਤਾ ਨੂੰ ਖ਼ੂਨ ਦਾ ਘੁਟ ਭਰ ਕੇ ਚੁਪ ਹੀ ਰਹਿਣਾ ਪਿਆ।

ਅਫਸੋਸ ਦੀ ਗੱਲ ਇਹ ਹੈ ਕਿ ਜਦੋਂ ਕਦੋਂ ਇਹ ਸੁਣਨ ਵਿਚ ਆਉਂਦਾ ਹੈ ਕਿ ਸੈਂਸਰ ਬੋਰਡ ਦੇ ਮੈਂਬਰ ਵੀ ਕਾਲੇ ਧਨ ਦੇ ਜਾਦੂ ਦੇ ਅਸਰ ਵਿਚ ਆ ਕੇ ਫਿਲਮ ਜਗਤ ਦੇ ਭ੍ਰਿਸ਼ਟਾਚਾਰ ਵਿਚ ਆਪਣਾ ਯੋਗਦਾਨ ਪਾਉਂਦੇ ਹਨ। ਪਿਛਲੇ ਦਿਨੀਂ ਨੰਗੇ ਸੈਕਸ ਵਿਚ ਰੰਗੀਆਂ ਕੁਝ ਅਜਿਹੀਆਂ ਫਿਲਮਾਂ ਜਿਨ੍ਹਾਂ ਵਿਚ 'ਆਓ ਪਿਆਰ ਕਰੇਂ' ਵੀ ਸੀ

ਸੈਂਸਰ ਨੇ ਪਾਸ ਕਰ ਦਿਤੀ ਕਿ ਬਾਅਦ ਵਿਚ ਕਾਫੀ ਹੋ ਹੱਲਾ ਮਚ ਗਿਆ ਅਤੇ ਸੈਂਸਰ ਬੋਰਡ ਦੇ ਮੈਂਬਰਾਂ ਦੀ ਇਮਾਨਦਾਰੀ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਿਆ ਜਾਣ ਲੱਗਾ। ਕਾਲੇ ਧਨ ਨਾਲ ਸਭ ਕੁਝ ਖ਼ਰੀਦਿਆ ਜਾ ਸਕਦਾ ਹੈ—ਕਲਮ ਵੀ।

## ਫੈਡਰੇਸ਼ਨ ਮੈਂਬਰਾਂ ਦੀਆਂ ਗ੍ਰਿਫਤਾਰੀਆਂ ਜਾਰੀ

ਅੰਮ੍ਰਿਤਸਰ — ਪਿਛਲੇ ਦਿਨਾਂ ਵਿਚ 100 ਤੋਂ ਵੱਧ ਸਿਖ ਫੈਡਰੇਸ਼ਨ ਦੇ ਕਾਰਕੁਨਾਂ ਦੀ ਗ੍ਰਿਫਤਾਰੀਆਂ ਦੀ ਖਬਰ ਹੈ। ਅੰਮ੍ਰਿਤਸਰ ਵਿਚੋਂ ਫੈਡਰੇਸ਼ਨ ਦੇ 30 ਵਿਅਕਤੀ ਗ੍ਰਿਫਤਾਰ ਕੀਤੇ ਗਏ ਹਨ ਜਦ ਕਿ ਫੈਡਰੇਸ਼ਨ ਦਾ ਪ੍ਰਧਾਨ ਅਮਰੀਕ ਸਿੰਘ ਤੇ ਸਕੱਤਰ ਹਰਮਿੰਦਰ ਸਿੰਘ ਸੰਧੂ ਦਰਬਾਰ ਸਾਹਿਬ ਵਿਚ ਲੁਕੇ ਹੋਏ ਹਨ। ਜਲੰਧਰ ਤੋਂ 10, ਪਟਿਆਲਾ ਤੇ ਬਠਿੰਡਾ ਤੋਂ ਪੰਜ ਪੰਜ ਅਤੇ ਹੁਸ਼ਿਆਰਪੁਰ ਤੋਂ 4 ਗ੍ਰਿਫਤਾਰੀਆਂ ਹੋਈਆਂ ਹਨ।

ਪੰਜਾਬ ਦੇ ਸਿਖ ਸਾਬਕਾ ਫੌਜੀਆਂ ਦੇ ਇਕ ਬੁਲਾਰੇ ਨੇ ਕਿਹਾ ਹੈ ਕਿ ਅਕਾਲ ਤਖਤ ਸਾਹਿਬ ਦੇ ਜਥੇਦਾਰ ਹੁਕਮਨਾਮਾ ਜਾਰੀ ਕਰਨ ਕਿ ਅੱਗੇ ਤੋਂ ਅਕਾਲੀ ਕਿਸੇ ਕਿਸਮ ਦੀ ਚੋਣ ਵਿਚ ਹਿਸਾ ਨਹੀਂ ਲੈਣਗੇ।

ਇਸੇ ਦੌਰਾਨ ਰੋਪੜ ਵਿਚ ਮੋਟਰ ਸਾਈਕਲ ਦੀ ਸਵਾਰੀ ਤੇ ਰੋਕ ਦਾ ਸਮਾਂ ਵਧਾ ਦਿਤਾ ਗਿਆ ਹੈ। ਫਰੀਦਕੋਟ ਵਿਚ ਮੋਟਰ ਸਾਈਕਲ ਚਲਾਉਣ ਤੇ ਮਨਾਹੀ ਲਾਗੂ ਹੈ।

ਸਿਖ ਸਟੂਡੈਂਟ ਫੈਡਰੇਸ਼ਨ 1935 ਵਿਚ ਗਿਆਨੀ ਕਰਤਾਰ ਸਿਘ ਦੀਆਂ ਕੋਸ਼ਿਸ਼ਾਂ ਨਾਲ ਜਥੇਬੰਦ ਕੀਤੀ ਗਈ ਸੀ ਅਤੇ ਇਸ ਦਾ ਖਾਸਾ ਹੁਣ ਤੱਕ ਗ਼ੈਰਫਿਰਕੂ ਰਿਹਾ ਹੈ। ਏਸ ਫੈਡਰੇਸ਼ਨ ਨੇ ਡਾ: ਜਸਵੰਤ ਸਿੰਘ ਨੇਕੀ ਵਰਗੇ ਸਾਇੰਸਦਾਨ ਤੇ ਲਿਖਾਰੀ, ਪੈਦਾ ਕੀਤੇ ਹਨ। ਰੀਜ਼ਰਵ ਬੈਂਕ ਆਫ ਇੰਡੀਆ ਦੇ ਗਵਰਨਰ ਸ: ਮਨਮੋਹਨ ਸਿੰਘ ਵੀ ਇਸੇ ਸੰਸਥਾ ਨਾਲ ਸਬੰਧਤ ਸਨ। ਪਰ ਜਦ ਤੋਂ ਭਿੰਡਰਾਂਵਾਲਾ ਦੇ ਅਸਰ ਥੱਲੇ ਇਹ ਫੈਡਰੇਸ਼ਨ ਆਈ ਅਤੇ ਇਸਦੇ ਲੀਡਰ ਅਮਰੀਕ ਸਿੰਘ ਤੇ ਹਰਮੰਦਰ ਸਿੰਘ ਸੰਧੂ ਬਣੇ ਇਸਦੀਆਂ ਕਾਰਵਾਈਆਂ ਵਿਚ ਤਬਦੀਲੀ ਆਈ।


ਕੈਲਗਰੀ ਵਿਚ ਹਰ ਕਿਸਮ ਦੀ ਕਾਨੂੰਨੀ ਸਲਾਹ ਤੇ ਮਸ਼ਵਰੇ ਲਈ

ਏ. ਵੈਬਸਟਰ ਮੈਕਡਾਨਲਡ
A. Webster Macdonald, Sr.
Barrister And Solicitor

ਨਰਿੰਦਰ ਨਾਥ ਮਲਿਕ
Narinder N. Malik
Barrister, Solicitor & Notary
ਜਾਇਦਾਦ, ਮਾਰਗੇਜ਼, ਐਕਸੀਡੈਂਟ ਕਲੇਮ, ਐਫੀਡੇਵਿਟ, ਤਲਾਕ ਆਦਿ ਸੇਵਾਵਾਂ ਵੀ

#202, 634 - 6th Ave. S.W.
CALGARY, ALBERTA T2P 0S4

Ph.(403)263-1300



Y.F. Chong & Co.
#1 - 862 E. Broadway, Vancouver,
B.C. V5T 1Y1

ACCREDITED PUBLIC ACCOUNTANTS
MON.-FRI. 8:30 - 7:00 P.M.
SAT. 9:30 - 4:00 P.M.

PERSONAL & CORPORATE INCOME TAX RETURNS

ਕੇਵਲ 18 ਡਾਲਰ ਵਿਚ ਆਪਣੇ ਟੈਕਸ ਦੇ ਫਾਰਮ ਭਰਵਾਉਣ ਲਈ ਮਿਲੋ।

TELEPHONE : 875-6918



ਇੰਟਰਨੈਸ਼ਨਲ ਪੰਜਾਬੀ ਲਿਟਰੇਰੀ ਟਰੱਸਟ(ਕੈਨੇਡਾ) ਵਲੋਂ ਨਵੀਂ ਪੁਸਤਕ
ਸੰਤੋਖ ਸਿੰਘ ਧੀਰ
ਸੰਪਾਦਕ : ਗੁਰਬਚਨ ਸਿੰਘ ਭੁੱਲਰ
ਪੰਨੇ : 152 — ਕੀਮਤ 3 ਡਾਲਰ



Kam Accounting Services

- Income Tax
- Bookkeeping
- Accounting

KAM DHALLA
2707 Main Street(at 11th Ave.)
Vancouver, B.C. V5T 3E9
At
LOYAL FURNITURE
Off: (604)874 - 9855
Res: (604)681 - 6642